# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Vol 20*Issue 55 Thursday, March 18, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਅਗਲੇ ਹਫਤੇ ਹੋਵੇਗੀ ਚੀਨ ਵਿਚ ਨਜ਼ਰਬੰਦ ਦੋਵਾਂ ਕੈਨੇਡੀਅਨਜ਼ ਦੇ ਮਾਮਲੇ ਦੀ ਸੁਣਵਾਈ

ਓਟਵਾ, 17 ਮਾਰਚ (ਪੋਸਟ ਬਿਊਰੋ) : ਪਿਛਲੇ 828 ਦਿਨਾਂ ਤੋਂ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦੇ ਮਾਮਲੇ ਦੀ ਸੁਣਵਾਈ ਅਗਲੇ ਹਫਤੇ ਹੋਵੇਗੀ। ਇਹ ਐਲਾਨ ਬੁੱਧਵਾਰ ਨੂੰ ਸਰਕਾਰ ਵੱਲੋਂ ਕੀਤਾ ਗਿਆ।



ਵਿਦੇਸ਼ ਮੰਤਰੀ ਮਾਰਕ ਗਾਰਨਿਊ ਵੱਲੋਂ ਜਾਰੀ ਬਿਆਨ ਅਨੁਸਾਰ ਸਾਬਕਾ ਕਾਰੋਬਾਰੀ ਮਾਈਕਲ ਸਪੇਵਰ ਨੂੰ 19 ਮਾਰਚ ਜਦਕਿ ਸਾਬਕਾ ਡਿਪਲੋਮੈਟ ਮਾਈਕਲ ਕੋਵਰਿਗ ਨੂੰ 22 ਮਾਰਚ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਇਸ ਬਿਆਨ ਵਿੱਚ ਗਾਰਨਿਊ ਨੇ ਆਖਿਆ ਕਿ ਕੈਨੇਡੀਅਨ ਅਧਿਕਾਰੀ ਲਗਾਤਾਰ ਸਪੇਵਰ ਤੇ ਕੋਵਰਿਗ ਤੱਕ ਕਾਊਂਸਲਰ ਦੀ ਪਹੁੰਚ ਕਰਵਾਉਣ ਲਈ ਜ਼ੋਰ ਲਾ ਰਹੇ ਹਨ। ਇਹ ਸੱਭ ਕਾਊਂਸਲਰ ਰਿਲੇਸ਼ਨਜ਼ ਉੱਤੇ ਵਿਏਨਾ ਕਨਵੈਨਸ਼ਨ ਤੇ ਚਾਈਨਾ-ਕੈਨੇਡਾ ਕਾਊਂਸਲਰ ਅਗਰੀਮੈਂਟ, ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ। ਗਾਰਨਿਊ ਨੇ ਆਪਣੇ ਬਿਆਨ ਵਿੱਚ ਇਹ ਵੀ ਆਖਿਆ ਕਿ ਦੋਵਾਂ ਕੈਨੇਡੀਅਨਾਂ ਨੂੰ ਨਜ਼ਰਬੰਦ ਕਰਕੇ ਰੱਖਿਆ ਜਾਣਾ ਮਨਮਰਜ਼ੀ ਵਾਲਾ ਫੈਸਲਾ ਹੈ। ਇਸ ਤੋਂ ਇਲਾਵਾ ਦੋਵਾਂ ਕੈਨੇਡੀਅਨਾਂ ਨਾਲ ਜੁੜੀਆਂ ਇਨ੍ਹਾਂ ਪ੍ਰੋਸੀਡਿੰਗਜ਼ ਵਿੱਚ ਪਾਰਦਰਸ਼ਤਾ ਦੀ ਘਾਟ ਕਾਰਨ ਵੀ ਸਰਕਾਰ ਪਰੇਸ਼ਾਨ ਹੈ। ਜ਼ਿਕਰਯੋਗ ਹੈ ਕਿ ਸਪੇਵਰ ਤੇ ਕੋਵਰਿਗ ਨੂੰ 10 ਦਸੰਬਰ,2018 ਵਿੱਚ ਚੀਨ ਵਿੱਚ ਜਾਸੂਸੀ ਕਰਨ ਦੇ ਦੋਸਖਾਂ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਇਹ ਸਾਰਾ ਕੁੱਝ ਚੀਨ ਵੱਲੋਂ ਬਦਲਾਲਊ ਕਾਰਵਾਈ ਤਹਿਤ ਕੀਤਾ ਗਿਆ। ਇਨ੍ਹਾਂ ਦੋਵਾਂ ਨੂੰ ਨਜ਼ਰਬੰਦ ਕੀਤੇ ਜਾਣ ਤੋਂ ਕੁੱਝ ਸਮਾਂ ਪਹਿਲਾਂ ਅਮਰੀਕਾ ਦੀ ਬੇਨਤੀ ਉੱਤੇ ਵੈਨਕੂਵਰ ਵਿੱਚ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

## ਕੈਨੇਡੀਅਨ ਬੱਚਿਆਂ ਉੱਤੇ ਵੀ ਮੌਡਰਨਾ ਕਰੇਗੀ ਕੋਵਿਡ-19 ਵੈਕਸੀਨ ਦਾ ਟ੍ਰਾਇਲ

ਓਟਵਾ, 17 ਮਾਰਚ (ਪੋਸਟ ਬਿਊਰੋ) : ਮੌਡਰਨਾ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨ ਦੇ ਕਲੀਨਿਕਲ ਟ੍ਰਾਇਲਜ਼ ਵਿੱਚ ਹੁਣ ਕੈਨੇਡੀਅਨ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।



ਕੰਪਨੀ ਨੇ ਆਪਣੇ ਫੇਜ਼ 2-3 ਦੇ ਅਧਿਐਨ ਦਾ ਐਲਾਨ ਇਸ ਹਫਤੇ ਦੇ ਸ਼ੁਰੂ ਵਿੱਚ ਕੀਤਾ ਸੀ। ਇਸ ਅਧਿਐਨ ਦੌਰਾਨ ਛੇ ਮਹੀਨਿਆਂ ਤੋਂ 12 ਸਾਲਾਂ ਦੇ 6750 ਤੰਦਰੁਸਤ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇਗਾ। ਮੌਡਰਨਾ ਨੇ ਆਖਿਆ ਕਿ ਇਨ੍ਹਾਂ ਟ੍ਰਾਇਲਜ਼ ਵਿੱਚ ਸ਼ੁਰੂ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਅਮਰੀਕਾ ਦੇ ਬੱਚਿਆਂ ਨੂੰ ਹੀ ਸ਼ਾਮਲ ਕੀਤਾ ਜਾਵੇਗਾ ਪਰ ਹੌਲੀ ਹੌਲੀ ਜਿਵੇਂ ਜਿਵੇਂ ਟ੍ਰਾਇਲ ਅੱਗੇ ਵੱਧਣਗੇ ਇਨ੍ਹਾਂ ਵਿੱਚ ਕੈਨੇਡੀਅਨ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

ਬਾਇਓਟੈਕ ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜੇ ਕੈਨੇਡੀਅਨ ਸਾਈਟਸ ਨਹੀਂ ਚੁਣੀਆਂ ਤੇ ਨਾ ਹੀ ਕੈਨੇਡੀਅਨ ਪਾਰਟੀਸਿਪੈਂਟਸ ਦੀ ਹੀ ਚੋਣ ਕੀਤੀ ਗਈ ਹੈ। ਮੌਡਰਨਾ ਦੀ ਸੀਈਓ ਸਟੀਫਨ ਬੈਂਸਲ ਦਾ ਕਹਿਣਾ ਹੈ ਕਿ ਇਹ ਅਧਿਐਨ ਲਈ ਬੜਾ ਹੀ ਅਹਿਮ ਗਰੁੱਪ ਹੈ।

## ਹਾਈਵੇਅ 427 ਉੱਤੇ ਚੱਲੀ ਗੋਲੀ, ਪੁਲਿਸ ਕਰ ਰਹੀ ਹੈ ਜਾਂਚ

ਓਨਟਾਰੀਓ, 17 ਮਾਰਚ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਹਾਈਵੇਅ 427 ਉੱਤੇ ਚੱਲੀ ਗੋਲੀ ਦੇ ਮਾਮਲੇ ਦੀ ਜਾਂਚ ਓਪੀਪੀ ਵੱਲੋਂ ਕੀਤੀ ਜਾ ਰਹੀ ਹੈ।

ਇਹ ਸੱਭ ਬੁੱਧਵਾਰ ਸਵੇਰੇ ਫਿੰਚ ਐਵਨਿਊ ਦੇ ਉੱਤਰ ਵੱਲ ਹਾਈਵੇਅ 427 ਦੀਆਂ ਉੱਤਰ ਵੱਲ ਜਾਣ ਵਾਲੀਆਂ ਲੇਨਜ਼ ਉੱਤੇ ਵਾਪਰਿਆ। ਓਪੀਪੀ ਦੇ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਇੱਕ ਗੱਡੀ ਤਾਂ ਗੋਲੀਆਂ ਨਾਲ ਵਿੰਨ੍ਹੀ ਗਈ ਤੇ ਦੂਜੀ ਨੂੰ ਮਸ਼ਕੂਕ ਮੌਕੇ ਤੋਂ ਭਜਾ ਕੇ ਲੈ ਗਏ। ਇਸ ਦੌਰਾਨ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਹੈ। ਤਿੰਨ ਘੰਟੇ ਬੰਦ ਰੱਖੇ ਜਾਣ ਤੋਂ ਬਾਅਦ ਹਾਈਵੇਅ ਖੋਲ੍ਹ ਦਿੱਤਾ ਗਿਆ।

ਪਿਛਲੇ ਦੋ ਕੁ ਸਾਲਾਂ ਤੋਂ ਜੀਟੀਏ ਵਿੱਚ ਇਸ ਤਰ੍ਹਾਂ ਦੇ ਮਾਮਲਿਆਂ ਦਾ ਰੁਝਾਨ ਵਧਿਆ ਹੈ। ਓਪੀਪੀ ਇਸ ਸਮੇਂ ਚਿੱਟੇ ਰੰਗ ਦੀ ਵੋਕਸਵੈਗਨ ਜੈਟਾ ਦੀ ਭਾਲ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਹਮਲੇ ਦੌਰਾਨ ਕਾਰ ਵਿੱਚ ਤਿੰਨ ਮਸ਼ਕੂਕ ਸਵਾਰ ਸਨ।

## ਆਪਣੀ ਲੋੜ ਪੂਰੀ ਹੋਣ ਮਗਰੋਂ ਕੈਨੇਡਾ ਤੇ ਮੈਕਸਿਕੋ ਨੂੰ ਵੈਕਸੀਨ ਮੁਹੱਈਆ ਕਰਾਵੇਗਾ ਅਮਰੀਕਾ ?

ਵਾਸ਼ਿੰਗਟਨ, 17 ਮਾਰਚ (ਪੋਸਟ ਬਿਊਰੋ) : ਕੋਵਿਡ-19 ਵੈਕਸੀਨੇਸ਼ਨ ਫਰੰਟ ਉੱਤੇ ਕੁੱਝ ਚੰਗੀ ਖਬਰ ਹੈ ਤੇ ਕੁੱਝ ਮਾੜੀ ਖਬਰ ਵੀ ਹੈ। ਯੂਰਪੀਅਨ ਯੂਨੀਅਨ ਵੱਲੋਂ ਪਾਬੰਦੀਆਂ ਲਾਏ ਜਾਣ ਦੇ ਮੱਦੇਨਜ਼ਰ ਅਮਰੀਕਾ ਨੇ ਭਰੋਸਾ ਦਿਵਾਇਆ ਹੈ ਕਿ ਅਮਰੀਕਾ ਵਿੱਚ ਤਿਆਰ ਕੀਤੀ ਗਈ ਵੈਕਸੀਨ ਵਿੱਚੋਂ ਕੈਨੇਡਾ ਨੂੰ ਤਰੀਜੀਹੀ ਤੌਰ ਉੱਤੇ ਵੈਕਸੀਨ ਮੁਹੱਈਆ ਕਰਵਾਈ ਜਾਵੇਗੀ।





ਰਾਸ਼ਟਰਪਤੀ ਜੋਅ ਬਾਇਡਨ ਨੇ ਇੱਕ ਦਿਨ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਅਮਰੀਕਾ ਵੱਲੋਂ ਮਈ ਤੱਕ ਆਪਣੀ ਬਹੁਤੀ ਆਬਾਦੀ ਦਾ ਟੀਕਾਕਰਣ ਕਰ ਲਏ ਜਾਣ ਤੋਂ ਬਾਅਦ ਹੋਰਨਾਂ ਦੇਸ਼ਾਂ ਦੀ ਮਦਦ ਕਰਨ ਲਈ ਅਸੀਂ ਤਿਆਰ ਹਾਂ ਤੇ ਉਨ੍ਹਾਂ ਆਖਿਆ ਸੀ ਕਿ ਇਸ ਸਬੰਧ ਵਿੱਚ ਹੋਰਨਾਂ ਦੇਸ਼ਾਂ ਨਾਲ ਗੱਲਬਾਤ ਵੀ ਚੱਲ ਰਹੀ ਹੈ। ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਜਿਨ੍ਹਾਂ ਦੇਸ਼ਾਂ ਦੀ ਤਰਜੀਹੀ ਤੌਰ ਉੱਤੇ ਮਦਦ ਕੀਤੀ ਜਾਣੀ ਹੈ ਉਨ੍ਹਾਂ ਵਿੱਚ ਕੈਨੇਡਾ ਤੇ ਮੈਕਸਿਕੋ ਸੱਭ ਤੋਂ ਉੱਪਰ ਹਨ।

ਬਾਇਡਨ ਕੁੱਝ ਸਮਾਂ ਪਹਿਲਾਂ ਇਹ ਆਖ ਚੁੱਕੇ ਹਨ ਕਿ ਅਮਰੀਕਾ ਉਦੋਂ ਤੱਕ ਆਪਣੀ ਵੈਕਸੀਨ ਹੋਰਨਾਂ ਮੁਲਕਾਂ ਨਾਲ ਸਾਂਝੀ ਨਹੀਂ ਕਰੇਗਾ ਜਦੋਂ ਤੱਕ ਇਹ ਉਨ੍ਹਾਂ ਦੀ ਆਪਣੀ ਆਬਾਦੀ ਲਈ ਪੂਰੀ ਨਹੀਂ ਪੈ ਜਾਂਦੀ। ਪਰ ਬਲੂਮਬਰਗ ਅਨੁਸਾਰ, ਬਾਇਡਨ ਨੇ ਮੰਗਲਵਾਰ ਨੂੰ ਇਹ ਮੰਨਿਆ ਕਿ ਉਹ ਹੋਰਨਾਂ ਦੇਸ਼ਾਂ ਦੇ ਆਗੂਆਂ ਨਾਲ ਵੈਕਸੀਨ ਸਾਂਝੀ ਕਰਨ ਬਾਰੇ ਗੱਲਬਾਤ ਕਰ ਰਹੇ ਹਨ। ...ਬਾਕੀ ਪੰਨਾ 3 'ਤੇ

## ਕੰਜ਼ਰਵੇਟਿਵ ਪਾਰਟੀ ਦੇ ਇਜਲਾਸ ਵਿੱਚ ਹਿੱਸਾ ਨਹੀਂ ਲੈਣਗੇ ਪੀਟਰ ਮੈਕੇਅ

ਓਟਵਾ, 17 ਮਾਰਚ (ਪੋਸਟ ਬਿਊਰੋ): ਸਾਬਕਾ ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਤੇ ਪਾਰਟੀ ਦੇ ਲੰਮੇਂ ਸਮੇਂ ਤੱਕ ਦਿੱਗਜ ਆਗੂ ਰਹੇ ਪੀਟਰ ਮੈਕੇਅ ਇਸ ਹਫਤੇ ਪਾਰਟੀ ਦੇ ਪਾਲਿਸੀ ਇਜਲਾਸ ਵਿੱਚ ਹਿੱਸਾ ਨਹੀਂ ਲੈਣਗੇ। ਇਸ ਗੈਰਹਾਜ਼ਰੀ ਲਈ ਮੈਕੇਅ ਵੱਲੋਂ ਕੰਮ ਤੇ ਪਰਿਵਾਰਕ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਇੱਕ ਬਿਆਨ ਵਿੱਚ ਆਖਿਆ ਕਿ ਇਸ ਸਮੇਂ ਉਨ੍ਹਾਂ ਦਾ ਸਾਰਾ ਧਿਆਨ ਆਪਣੇ ਪਰਿਵਾਰ ਤੇ ਲਾਅ ਦੀ ਪ੍ਰੈਕਟਿਸ ਉੱਤੇ ਟਿਕਿਆ ਹੋਇਆ ਹੈ। ਇਹ ਕਿਆਫੇ ਵੀ ਲਾਏ ਜਾ ਰਹੇ ਹਨ ਕਿ ਇਸ ਇਜਲਾਸ ਵਿੱਚ ਹਿੱਸਾ ਨਾ ਲੈਣ ਦਾ ਮੁੱਖ ਕਾਰਨ ਪਿਛਲੇ ਸਾਲ ਲੀਡਰਸ਼ਿਪ ਦੌੜ ਵਿੱਚ ਓਟੂਲ ਤੋਂ ਮਿਲੀ ਹਾਰ ਵੀ ਹੋ ਸਕਦਾ ਹੈ।



ਲੀਡਰਸ਼ਿਪ ਦੀ ਇਸ ਜੰਗ ਨੇ ਦੋਵਾਂ ਆਗੂਆਂ ਵਿੱਚ ਹੀ ਨਹੀਂ ਸਗੋਂ ਪਾਰਟੀ ਦੇ ਕਈ ਧੜਿਆਂ ਵਿੱਚ ਪਾੜਾ ਪਾ ਦਿੱਤਾ ਸੀ ਤੇ ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਪਾੜਾ ਅਜੇ ਵੀ ਪੂਰੀ ਤਰ੍ਹਾਂ ਮਿਟ ਨਹੀਂ ਸਕਿਆ ਹੈ। ਖਤਰਾ ਇੱਥੋਂ ਤੱਕ ਹੈ ਕਿ ਇਸ ਹਫਤੇ ਦੇ ਅੰਤ ਵਿੱਚ ਹੋਣ ਵਾਲੇ ਈਵੈਂਟ ਵਿੱਚ ਵੀ ਇਹ ਜ਼ਾਹਿਰ ਹੋ ਸਕਦਾ ਹੈ। ਉਸ ਦਿਨ ਤੋਂ ਲੈ ਕੇ ਅੱਜ ਤੱਕ ਦੋਵਾਂ ਆਗੂਆਂ ਨੇ ਇੱਕ ਦੂਜੇ ਨਾਲ ਮਸ੍ਹਾਂ ਹੀ ਕੋਈ ਗੱਲ ਸਾਂਝੀ ਕੀਤੀ ਹੈ।

ਇਸ ਇਜਲਾਸ ਵਿੱਚ ਮੈਕੇਅ ਦੀ ਹਾਜ਼ਰੀ ਕਿੰਨੀ ਕੁ ਇੱਕਜੁੱਟਤਾ ਪੈਦਾ ਕਰਦੀ ਹੈ ਜਾਂ ਕਿੰਨਾ ਕੁ ਵੱਖਰੇਵਾਂ ਪੈਦਾ ਕਰਦੀ ਹੈ ਇਸ ਬਾਰੇ ਹਾਲ ਦੀ ਘੜੀ ਸਪਸ਼ਟ ਤੌਰ ਉੱਤੇ ਕੁੱਝ ਨਹੀਂ ਆਖਿਆ ਜਾ ਸਕਦਾ। ਪਰ ਇਸ ਸੱਭ ਦੇ ਬਾਵਜੂਦ ਪਿੱਛੇ ਜਿਹੇ ਓਟੂਲ ਨੇ ਇਹ ਤਹੱਈਆ ਪ੍ਰਗਟਾਇਆ ਸੀ ਕਿ ਇਸ ਇਜਲਾਸ ਨਾਲ ਪਾਰਟੀ ਦੀ ਇੱਕਜੁੱਟਤਾ ਸਾਫ ਹੋ ਜਾਵੇਗੀ ਤੇ ਕੰਜ਼ਰਵੇਟਿਵ ਪਾਰਟੀ ਸੇਧ ਦੇਣ ਲਈ ਤਿਆਰ ਹੋਵੇਗੀ।

## ਟੋਰਾਂਟੋ ਸਾਊਥ ਡਿਟੈਨਸ਼ਨ ਸੈਂਟਰ ਵਿੱਚ ਕੋਵਿਡ-19 ਆਊਟਬ੍ਰੇਕ, 70 ਮਾਮਲਿਆਂ ਦੀ ਹੋਈ ਪੁਸ਼ਟੀ

ਟੋਰਾਂਟੋ, 17 ਮਾਰਚ (ਪੋਸਟ ਬਿਊਰੋ) : ਟੋਰਾਂਟੋ ਸਾਊਥ ਡਿਟੈਨਸ਼ਨ ਸੈਂਟਰ ਵਿੱਚ ਇੱਕ ਹੋਰ ਕੋਵਿਡ -19 ਆਊਟਬ੍ਰੇਕ ਹੋਣ ਦਾ ਪਤਾ ਲੱਗਿਆ ਹੈ।

ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਦਾ ਕਹਿਣਾ ਹੈ ਕਿ ਕਿਪਲਿੰਗ ਤੇ ਹੌਰਨਰ ਨੇੜੇ ਇਟੋਬੀਕੋ ਦੀ ਜੇਲ੍ਹ ਵਿੱਚ ਆਊਟਬ੍ਰੇਕ ਨਾਲ ਜੁੜੇ 70 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ 70 ਮਾਮਲਿਆਂ ਵਿੱਚੋਂ 36 ਮਾਮਲੇ ਵੇਰੀਐਂਟਸ ਆਫ ਕਨਸਰਨ ਪਾਏ ਗਏ ਹਨ। ਟੀਪੀਐਚ ਨੇ ਦੱਸਿਆ ਕਿ ਦੋ ਹੋਰ ਲੋਕਾਂ ਦੀ ਵੀ ਵੇਰੀਐਂਟਸ ਨਾਲ ਸਬੰਧਤ ਸਕਰੀਨਿੰਗ ਕੀਤੀ ਗਈ ਪਰ ਉਹ ਟੋਰਾਂਟੋ ਦੇ ਮਾਮਲੇ ਨਹੀਂ ਹਨ ਤੇ ਉਨ੍ਹਾਂ ਨੂੰ ਦੂਜੀ ਹੈਲਥ ਯੂਨਿਟ ਵੱਲੋਂ ਮੈਨੇਜ ਕੀਤਾ ਜਾ ਰਿਹਾ ਹੈ।



ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਇਹ ਨਤੀਜੇ ਜੇਲ੍ਹ ਵਿੱਚ ਕਰਵਾਈ ਗਈ ਟੈਸਟਿੰਗ ਤੋਂ ਸਾਹਮਣੇ ਆਏ। ਪਬਲਿਕ ਹੈਲਥ ਓਨਟਾਰੀਓ ਹੁਣ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਫੈਸਿਲਿਟੀ ਨੂੰ ਕਿਸ ਵੇਰੀਐਂਟ ਆਫ ਕਨਸਰਨ ਨਾਲ ਜੂਝਣਾ ਪੈ ਰਿਹਾ ਹੈ। ਇੱਥੇ ਦਸੰਬਰ ਵਿੱਚ ਵੀ ਆਊਟਬ੍ਰੇਕ ਹੋਈ ਸੀ ਤੇ ਉਸ ਸਮੇਂ 54 ਇਨਮੇਟਸ ਕੋਵਿਡ-19 ਪਾਜ਼ੀਟਿਵ ਆਏ ਸਨ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਕੈਪਟਨ ਨਾਲ ਜਦ ਸਿੱਧੂ ਦੀ ਹੋਈ ਬੈਠਕ,
ਲੋਕਾਂ ਕਈਆਂ ਦੀ ਲੱਗੀ ਰਹੀ ਅੱਖ ਭਾਈ।
ਕਿਸੇ ਕਿਹਾ ਸਮਝੌਤਾ ਤਾਂ ਪਿਆ ਹੋਇਆ,
ਸਹਿਮਤ ਹੋਏ ਪਏ ਦੋਵੇਂ ਹਨ ਪੱਖ ਭਾਈ।
ਦੂਸਰੇ ਆਖਿਆ ਲੀਡਰ ਹਨ ਸਖਤ ਦੋਵੇਂ,
ਸਕਦੇ ਨਰਮੀ ਨਹੀਂ ਦੋਵੇਂ ਹੀ ਰੱਖ ਭਾਈ।
ਤੀਸਰੇ ਕਿਹਾ ਕਿ ਵਾਧੂ ਦੀ ਬਹਿਸ ਜਾਣੋ,
ਨਿਕਲਣਾ ਬੈਠਕ ਤੋਂ ਫੇਰ ਨਾ ਕੱਖ ਭਾਈ।
ਬੋਲਦਾ ਸਿੱਧੂ ਜਾਂ ਕਿਤੇ ਜਦ ਪਹੁੰਚ ਜਾਂਦਾ,
ਉਹਦੀ ਖਬਰ ਪਈ ਓਦੋ ਵੀ ਬਣੀ ਹੁੰਦੀ।
ਜੇ ਨਹੀਂ ਬੋਲਦਾ, ਹੱਸ ਉਹ ਨਿਕਲ ਜਾਵੇ,
ਤਦ ਵੀ ਖਬਰ ਦੇ ਵਿੱਚ ਆ ਕਣੀ ਹੁੰਦੀ।

**ਤੀਸ ਮਾਰ ਖਾਂ**

# ਨਵਜੋਤ ਸਿੱਧੂ ਨੂੰ ਕੈਪਟਨ ਅਮਰਿੰਦਰ ਦੀ ਆਫਰ ਪਸੰਦ ਨਹੀਂ ਆਈ

ਚੰਡੀਗੜ੍ਹ, 17 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲਦੀ ਕੋਲਡ ਵਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂਨੂੰ ਅੱਜ ਲੰਚ ਉੱਤੇ ਬੁਲਾਇਆ ਸੀ। ਆਮ ਪ੍ਰਭਾਵ ਇਹ ਪੈਂਦਾ ਰਿਹਾ ਕਿਇਸ ਮੀਟਿੰਗਵਿੱਚ ਨਵਜੋਤ ਸਿੱਧੂ ਨੂੰ ਕੋਈ ਵੱਡਾ ਅਹੁਦਾ ਪੇਸ਼ ਕੀਤਾ ਜਾਵੇਗਾ ਅਤੇ ਇਸ ਬਾਰੇ ਵਿਚਾਰ ਹੋਵੇਗੀ, ਪਰ ਏਦਾਂ ਦਾ ਕੁਝ ਨਹੀਂ ਹੋਇਆ।

### * ਮੀਟਿੰਗ ਮੁੱਕਦੇ ਸਾਰ ਸਿੱਧੂ ਵੱਲੋਂ ਨਵਾਂ ਟਵੀਟ ਜਾਰੀ

ਕਾਂਗਰਸ ਪਾਰਟੀ ਦੇ ਪੰਜਾਬ ਵਿਚਲੇ ਇਨ੍ਹਾਂ ਦੋ ਵੱਡੇ ਲੀਡਰਾਂ ਦੀ ਇਸ ਮੀਟਿੰਗ ਦੌਰਾਨ ਦੋਵਾਂ ਦੀ ਇੱਕਫੋਟੋ ਵੀ ਜਾਰੀ ਕੀਤੀ ਗਈ ਤੇ ਇੰਜ ਲੱਗਦਾ ਸੀ ਕਿ ਸਭ ਠੀਕ ਚੱਲ ਰਿਹਾ ਹੈ, ਪਰ ਬਾਅਦ ਵਿੱਚ ਪਤਾ ਲੱਗਾ ਕਿ ਨਵਜੋਤ ਸਿੱਧੂ ਹਾਲੇ ਵੀ ਕੈਪਟਨ ਅਮਰਿੰਦਰ ਸਿੰਘ ਦੇ ਦਿੱਤੇ ਆਫਰ ਤੋਂ ਖ਼ਾਸ ਖੁਸ਼ ਨਹੀਂ। ਮੀਟਿੰਗ ਮੁੱਕਦੇ ਸਾਰ ਨਵਜੋਤ ਸਿੰਘ ਸਿੱਧੂ ਨੇ ਇੱਕ ਟਵੀਟ ਕਰ ਕੇ ਕਹਿ ਦਿੱਤਾ ਕਿ 'ਆਜ਼ਾਦ ਰਹੋ ਵਿਚਾਰੋਂ ਸੇ, ਲੇਕਿਨ ਬੰਧੇ ਰਹੋ ਸੰਸਕਾਰੋਂ ਸੇ, ਤਾਂਕਿ ਆਸ ਔਰ ਵਿਸ਼ਵਾਸ ਰਹੇ ਕਿਰਦਾਰੋਂ ਪੇ...!!' ਉਨ੍ਹਾਂ ਦੇ ਇਸ ਟਵੀਟ ਤੋਂ ਅੰਦਾਜ਼ਾ ਲਾਇਆ ਗਿਆ ਹੈ ਕਿ ਮੀਟਿੰਗ ਵਿੱਚ ਉਨ੍ਹਾਂ ਨੂੰ ਜੋ ਵੀ ਆਫਰ ਦਿੱਤੀ ਗਈ, ਉਹ ਉਨ੍ਹਾਂ ਨੂੰ ਪ੍ਰਵਾਨ ਨਹੀਂ, ਪਰ ਅਜੇ ਕੁਝ ਸਪਸ਼ਟਨਹੀਂ ਹੋ ਸਕਿਆ ਕਿ ਇਸ ਮੀਟਿੰਗਵਿੱਚਦੋਵਾਂ ਆਗੂਆ ਦੇ ਵਿਚਾਲੇ ਕਿਸ ਮੁੱਦੇ ਉੱਤੇਅਤੇ ਕਿਸ ਰੌਂਅ ਵਿੱਚ ਗਲਬਾਤ



ਹੋਈ ਹੈ।

ਅੱਜ ਦੀ ਇਸ ਮੀਟਿੰਗ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਕਿਹਾ ਸੀ ਕਿ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ ਕਿ ਉਨ੍ਹਾਂ ਵਿਚਾਲੇ ਬੈਠਕ ਵਿੱਚ ਕੀ ਹੋਣਾ ਹੈ। ਇਸ ਦੇ ਨਾਲ ਨਵਜੋਤ ਕੌਰ ਸਿੱਧੂ ਨੇ ਆਪਣੇ ਰਾਜਨੀਤਕ ਭਵਿੱਖ ਬਾਰੇ ਵੀ ਗੱਲ ਕਰਨ ਤੋਂ ਨਾਂਹ ਕਰ ਕੇ ਸਿਰਫ ਏਨਾ ਕਿਹਾ ਸੀ ਨੇ ਕਿਹਾ ਕਿ ਸਿੱਧੂ ਪੰਜਾਬ ਦਾ ਭਲਾ ਚਾਹੁੰਦੇ ਹਨ, ਉਨ੍ਹਾਂ ਨੂੰ ਕਿਸੇ ਅਹੁਦੇ ਦਾ ਲਾਲਚ ਨਹੀਂ, ਜੇ ਉਨ੍ਹਾਂ ਨੂੰ ਅਹੁਦੇ ਦਾ ਲਾਲਚ ਹੁੰਦਾ ਤਾਂ ਉਹ ਆਪਣੀ 40 ਕਰੋੜ ਰੁਪਏ ਸਾਲਾਨਾ ਦੀ ਨੌਕਰੀ ਨਾ ਛੱਡਦੇ ਅਤੇ ਘਰ ਨਾ ਬੈਠਦੇ। ਉਨ੍ਹਾਂ ਕਿਹਾ ਕਿ ਕੋਈ ਵੀ ਪੋਸਟ ਸਿੱਧੂ ਵਾਸਤੇ ਕੋਈ ਅਰਥ ਨਹੀਂ ਰੱਖਦੀ, ਉਹ ਅਹੁਦੇ ਤੋਂ ਬਗੈਰ ਵੀ ਪੰਜਾਬ ਦੇ ਲੋਕਾਂ ਦਾ ਭਲਾ ਕਰ ਰਹੇ ਹਨ ਤੇ ਕਰਦੇ ਰਹਿਣਗੇ।

## ਮੇਘਾਲਿਆ ਦਾ ਗਵਰਨਰ ਫਿਰ ਬੋਲਿਆ:
## ਕੁੱਤੀ ਮਰੀ ਤੋਂ ਨੇਤਾਵਾਂ ਦਾ ਸੋਗ ਸੁਨੇਹਾ ਆ ਜਾਂਦੈ, 250 ਕਿਸਾਨਾਂ ਦੀ ਮੌਤ ਉੱਤੇ ਕੋਈ ਕਿਉਂ ਨਾ ਬੋਲਿਆ

ਜੈਪੁਰ, 17 ਮਾਰਚ, (ਪੋਸਟ ਬਿਊਰੋ)- ਮੇਘਾਲਿਆ ਦੇ ਗਵਰਨਰ ਸੱਤਿਅਪਾਲ ਮਲਿਕ ਨੇ ਕਿਹਾ ਹੈ ਕਿ ਕਿਸਾਨ ਅੰਦੋਲਨ ਲੰਬਾ ਸਮਾਂ ਚੱਲਦੇ ਰਹਿਣਾ ਨਾ ਕਿਸਾਨਾਂ ਦੇ ਹਿੱਤ ਵਿੱਚ ਹੈ ਅਤੇ ਨਾ ਸਰਕਾਰ ਦੇ ਹਿੱਤ ਵਿੱਚ, ਬਿਹਤਰ ਹੋਵੇਗਾ ਕਿ ਮਿਲ ਬੈਠ ਕੇ ਇਸ ਨੂੰ ਛੇਤੀਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਐਸਾ ਮੁੱਦਾ ਨਹੀਂ, ਜਿਸ ਦਾ ਹੱਲ ਨਹੀਂ ਮਿਲ ਸਕਦਾ, ਸਿਰਫ ਗੱਲਬਾਤ ਅਤੇ ਇਸ ਵੱਲ ਦੋਵਾਂ ਧਿਰਾਂ ਦੇ ਰੌਂਅ ਦੀ ਹੈ।

ਰਾਜਸਥਾਨ ਦੇ ਝੁੰਝੁਨੂੰ ਵਿੱਚ ਇੱਕ ਨਿੱਜੀ ਪ੍ਰੋਗਰਾਮ ਵਿੱਚ ਪੁੱਜੇ ਮੇਘਾਲਿਆ ਦੇ ਗਵਰਨਰ ਸੱਤਿਅਪਾਲ ਮਲਿਕ ਨੇ



ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਕਿਹਾ ਕਿ 'ਕੁੱਤੀ ਮਰ ਜਾਂਦੀ ਹੈ ਤਾਂ ਉਹਦੇ ਲਈ ਵੀ ਸਾਡੇ ਨੇਤਾਵਾਂ ਦਾ ਸੋਗ ਸੁਨੇਹਾ ਆਉਂਦਾ ਹੈ, ਪਰ ਢਾਈ ਸੌ ਕਿਸਾਨ ਮਰ ਗਏ, ਅਜੇਤੱਕ ਕੋਈ ਬੋਲਿਆ ਨਹੀਂ। ਇਹ ਮੇਰੀ ਆਤਮਾ ਨੂੰ ਦਰਦ ਦਿੰਦਾ ਹੈ।' ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿੱਚ ਕੋਈ ਸਮੱਸਿਆ ਨਹੀਂ, ਸਿਰਫ ਇਸ ਨੂੰ ਸਮਝਣ ਅਤੇ ਸੁਲਝਾਉਣ ਦੀ ਲੋੜ ਹੈ। ਮਲਿਕ ਨੇ ਕਿਹਾ ਕਿ 'ਕਿਸਾਨੀ ਫਸਲਾਂ ਦਾ ਘੱਟੋ-ਘੱਟ ਸਮੱਰਥਨ ਮੁੱਲ (ਐੱਮ ਐੱਸ ਪੀ) ਦਾ ਮੁੱਦਾ ਹੈ, ਜੇ ਇਸ ਨੂੰ ਕਾਨੂੰਨੀ ਰੂਪ ਦੇ ਦਿੱਤਾ ਜਾਵੇ ਤਾਂ ਮਾਮਲਾ ਸੌਖੀ ਤਰ੍ਹਾਂਹੱਲ ਹੋ ਸਕਦਾ ਹੈ। ਦੇਸ਼ ਦੇ ਕਿਸਾਨਾਂ ਦਾ ਇਹ ਇੱਕ ਵੱਡਾ ਮੁੱਦਾ ਬਣ ਚੁੱਕਾ ਹੋਣ ਕਰ ਕੇਛੇਤੀ ਹੱਲ ਕੱਢਣਾ ਚਾਹੀਦਾ ਹੈ।' ਉਨ੍ਹਾਂ ਕਿਹਾ: "ਮੈਂ ਸੰਵਿਧਾਨਕ ਅਹੁਦੇ ਉੱਤੇ ਹਾਂ,ਵਿਚੋਲੇ ਦਾ ਕੰਮ ਨਹੀਂ ਕਰ ਸਕਦਾ। ਕਿਸਾਨ ਨੇਤਾਵਾਂ ਤੇ ਸਰਕਾਰ ਦੇ ਪ੍ਰਤੀਨਿਧਾਂ ਨੂੰ ਸਿਰਫ ਸਲਾਹ ਦੇ ਸਕਦੇ ਹਾਂ।"

# ਸੁਖਬੀਰ ਸਿੰਘ ਬਾਦਲ ਨੂੰ ਕੋਰੋਨਾ ਦੇ ਕਾਰਨ ਦਿੱਲੀ ਵਿਚਲੇ ਹਸਪਤਾਲ ਸ਼ਿਫਟ ਕੀਤਾ ਗਿਆ

ਮੋਹਾਲੀ, 17 ਮਾਰਚ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਸੁਖਬੀਰ ਸਿੰਘ ਬਾਦਲ ਵੀ ਕੋਰੋਨਾ ਤੋਂ ਪ੍ਰਭਾਵਤ ਹੋ ਗਏ ਹਨ। ਉਨ੍ਹਾਂ ਨੂੰ ਅੱਜ ਬੁੱਧਵਾਰ ਨੂੰ ਮੋਹਾਲੀ ਤੋਂ ਦਿੱਲੀ ਦੇ ਮੇਦਾਂਤਾ ਹਸਪਤਾਲ ਤਬਦੀਲ ਕੀਤਾ ਗਿਆ ਹੈ। ਇਸ ਬਾਰੇ ਖੁਦ ਸੁਖਬੀਰ ਸਿੰਘ ਬਾਦਲ ਨੇ ਟਵੀਟ ਕਰਕੇ ਆਪਣੇ ਕੋਰੋਨਾ ਪੀੜਤ ਹੋਣ ਬਾਰੇ ਦੱਸਿਆ ਅਤੇ ਆਪਣੇ ਸੰਪਰਕਵਿੱਚ ਆਏ ਲੋਕਾਂ ਨੂੰ ਕੋਰੋਨਾ ਟੈਸਟ ਕਰਵਾਉਣ ਦੀ ਅਪੀਲ ਕੀਤੀ ਸੀ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਖ਼ੁਦ ਨੂੰ ਇਕਾਂਤਵਾਸ ਕਰ ਲਿਆ ਹੈ। ਇਸ ਪਿੱਛੋਂ ਕੱਲ੍ਹ ਹੀ ਉਨ੍ਹਾਂ ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ, ਪਰ ਅੱਜ ਉਨ੍ਹਾਂ ਨੂੰ ਮੇਦਾਂਤਾ

### * ਬਾਦਲਾਂ ਦੀ ਰਿਹਾਇਸ਼ ਉੱਤੇ 3 ਮੁਲਾਜ਼ਮਾਂ ਦੀ ਰਿਪੋਰਟ ਪਾਜ਼ੇਟਿਵ

ਹਸਪਤਾਲਦਿੱਲੀ ਵਿਖੇ ਤਬਦੀਲ ਕਰ ਦਿੱਤਾ ਗਿਆ। ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਸਿਹਤ ਵਿਗੜਨ ਕਾਰਨ ਉਨ੍ਹਾਂ ਨੂੰ ਮੋਹਾਲੀ ਤੋਂ ਦਿੱਲੀ ਦੇ ਮੇਦਾਂਤਾ ਹਸਪਤਾਲ ਤਬਦੀਲ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਸੁਖਬੀਰ ਸਿੰਘ ਬਾਦਲ ਨੇ ਖੇਮਕਰਨ ਅਤੇ ਜਲਾਲਾਬਾਦ ਹਲਕਿਆਂਵਿੱਚਚੋਣ ਮੁਹਿੰਮ ਦਾ ਮੁੱਢ ਬੰਨ੍ਹਣ ਲਈ ਰੈਲੀਆਂ ਕੀਤੀਆਂ ਸਨ, ਜਿਨ੍ਹਾਂ ਦੌਰਾਨ ਵੱਡੇ ਇਕੱਠ ਹੋਏ ਸਨ। ਉਨ੍ਹਾਂ ਦੇ ਕੋਰੋਨਾ ਪਾਜ਼ੇਟਿਵ ਪਾਏ ਜਾਣ ਤੋਂ ਬਾਅਦ ਬਾਕੀ ਰੈਲੀਆਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਮੁਕਤਸਰ ਸਾਹਿਬ ਜ਼ਿਲੇ ਦੇ ਪਿੰਡ ਬਾਦਲ ਵਿਖੇ ਬਾਦਲ ਪਰਵਾਰ ਦੀ ਰਿਹਾਇਸ਼ ਉੱਤੇ ਤਾਇਨਾਤ 3 ਮੁਲਾਜਮਾਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਸਾਬਕਾ ਡਿਪਟੀਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਰਿਪੋਰਟ ਪਾਜ਼ੇਟਿਵ ਆਉਣ ਪਿੱਛੋਂ ਪਿੰਡ ਬਾਦਲ ਵਾਲੀ ਰਿਹਾਇਸ਼ ਦੇ 3 ਮੁਲਾਜਮਾਂ ਦੀ ਰਿਪੋਰਟ ਪਾਜ਼ੇਟਿਵ ਆਉਣ ਬਾਰੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮੰਜੂ ਬਾਂਸਲ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਅਜੇ ਸੈਂਪਲ ਨਹੀਂ ਲਿਆ ਗਿਆ। ਪਹਿਲਾ ਲਏ ਮੁਲਾਜ਼ਮਾਂ ਦੇ ਸੈਂਪਲਾਂ ਵਿੱਚੋਂ ਇਕ ਔਰਤ ਸਣੇ ਤਿੰਨ ਜਣਿਆਂ ਦੀ ਰਿਪੋਰਟ ਪਾਜ਼ੇਟਿਵ ਹੈ।

# ਰੈਕਸਡੇਲ ਵਿੱਚ ਹੋਏ ਕਾਰ ਹਾਦਸੇ ਵਿੱਚ ਦੋ ਜ਼ਖ਼ਮੀ



ਰੈਕਸਡੇਲ, 17 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਰੈਕਸਡੇਲ ਵਿੱਚ ਹੋਏ ਹਾਦਸੇ ਤੋਂ ਬਾਅਦ ਗੰਭੀਰ ਜ਼ਖ਼ਮੀ ਰੂਪ ਵਿੱਚ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਅਨੁਸਾਰ ਇਹ ਹਾਦਸਾ ਹਾਈਵੇਅ 27 ਅਤੇ ਰੈਕਸਡੇਲ ਬੋਲੀਵੀਆਰਡ ਉੱਤੇ ਰਾਤੀਂ 8:00 ਵਜੇ ਵਾਪਰਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਗੱਡੀ ਖੰਭੇ ਨਾਲ ਟਕਰਾ ਗਈ ਤੇ ਇੱਕ ਵੈਨ ਨੂੰ ਅੱਗ ਲੱਗ ਗਈ। ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਹ ਗੰਭੀਰ ਹਾਲਤ ਵਿੱਚ ਦੋ ਵਿਅਕਤੀਆਂ ਨੂੰ ਟਰੌਮਾ ਸੈਂਟਰ ਲੈ ਕੇ ਗਏ।

ਜ਼ਖ਼ਮੀਆਂ ਬਾਰੇ ਅਜੇ ਤੱਕ ਕੋਈ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਹ ਵੀ ਸਪਸ਼ਟ ਨਹੀਂ ਹੈ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਨੇ ਦੱਸਿਆ ਕਿ ਟੋਰਾਂਟੋ ਹਾਈਡਰੋ ਦੇ ਅਮਲੇ ਵੱਲੋਂ ਖੰਭੇ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਇਸ ਲਈ ਇਸ ਪਾਸੇ ਸੜਕਾਂ ਬੰਦ ਕੀਤੀਆਂ ਗਈਆਂ ਹਨ।

## ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਤਿੰਨ ਜ਼ਖ਼ਮੀ

ਸਕਾਰਬੌਰੋ, 17 ਮਾਰਚ (ਪੋਸਟ ਬਿਊਰੋ) : ਸਕਾਰਬੌਰੋ ਵਿੱਚ ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਤਿੰਨ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਸ਼ਾਮੀਂ 6:00 ਵਜੇ ਤੋਂ ਪਹਿਲਾਂ ਸਕਾਰਬੌਰੋ ਦੇ ਲੈਮੋਰੈਕਸ ਇਲਾਕੇ ਵਿੱਚ ਕੈਨੇਡੀ ਰੋਡ ਤੇ ਫਿੰਚ ਐਵਨਿਊ ਈਸਟ ਰੋਡ ਉੱਤੇ ਵਾਪਰਿਆ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਇੱਕ 20 ਸਾਲਾ ਵਿਅਕਤੀ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਟਰੌਮਾ ਸੈਂਟਰ ਲਿਜ-ਾਇਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਦੋ ਹੋਰਨਾਂ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਕਾਰਨ ਇੱਕ ਲੋਕਲ



ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਦੇ ਕਾਰਨ ਦਾ ਅਜੇ ਵੀ ਪਤਾ ਨਹੀਂ ਚੱਲਿਆ।

# ਆਪਣੀ ਲੋੜ ਪੂਰੀ ਹੋਣ ਮਗਰੋਂ ਕੈਨੇਡਾ ਤੇ ਮੈਕਸਿਕੋ ਨੂੰ ਵੈਕਸੀਨ ਮੁਹੱਈਆ ਕਰਾਵੇਗਾ ਅਮਰੀਕਾ ?

...ਪੰਨਾ 1 ਦਾ ਬਾਕੀ

ਅਮਰੀਕਾ ਵੱਲੋਂ ਪਹਿਲ ਦੇ ਆਧਾਰ ਉੱਤੇ ਆਪਣੀ ਆਬਾਦੀ ਦੇ ਟੀਕਾਕਰਣ ਲਈ ਅਪਨਾਏ ਗਏ ਸਖ਼ਤ ਮਾਪਦੰਡਾਂ ਕਾਰਨ ਹੀ ਕੈਨੇਡਾ ਨੂੰ ਵੈਕਸੀਨ ਦੀਆਂ ਡੋਜ਼ਾਂ ਲਈ ਯੂਰਪ ਵੱਲ ਵੇਖਣਾ ਪਿਆ। ਪਰ ਅਮਰੀਕਾ ਵੱਲੋਂ ਵੈਕਸੀਨ ਦੇ ਸਬੰਧ ਵਿੱਚ ਕੀਤੀ ਜਾਣ ਵਾਲੀ ਮਦਦ ਨਾਲ ਸਥਿਤੀ ਕਾਫੀ ਬਦਲ ਜਾਵੇਗੀ।

ਬਾਇਡਨ ਪ੍ਰਸ਼ਾਸਨ ਤਹਿਤ ਅਮਰੀਕਾ ਆਪਣੇ ਲੋਕਾਂ ਦੀ ਕੀਤੀ ਜਾ ਰਹੀ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਹੋਰਨਾਂ ਮੁਲਕਾਂ ਨਾਲੋਂ ਕਾਫੀ ਅੱਗੇ ਲੰਘ ਗਿਆ ਹੈ। ਦੂਜੇ ਪਾਸੇ ਯੂਰਪੀਅਨ ਯੂਨੀਅਨ ਵੱਲੋਂ ਡਲਿਵਰੀ ਦੀ ਸ਼ੌਰਟੇਜ ਕਾਰਨ ਵੈਕਸੀਨ ਐਕਸਪੋਰਟ ਨੂੰ ਸੀਮਤ ਜਾਂ ਘਟਾਉਣ ਦੀ ਧਮਕੀ ਦਿੱਤੀ ਜਾ ਰਹੀ ਹੈ।ਫਾਈਜ਼ਰ ਤੇ ਮੌਡਰਨਾ ਦੀਆਂ ਡੋਜ਼ਾਂ ਯੂਰਪ ਵਿੱਚ ਤਿਆਰ ਹੁੰਦੀਆਂ ਹਨ ਤੇ ਇਸ ਨਾਲ ਕੈਨੇਡਾ ਲਈ ਵੱਖਰੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਪਰ ਆਖਰੀ ਵਾਰੀ ਜਦੋਂ ਇਸ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ ਸਨ ਉਸ ਸਮੇਂ ਕੈਨੇਡਾ ਦੀ ਸ਼ਿੱਪਮੈਂਟ ਉੱਤੇ ਕੋਈ ਅਸਰ ਨਹੀਂ ਸੀ ਪਿਆ।

ਵਾਈਟ ਹਾਊਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੈਨੇਡਾ ਨੇ ਇਸ ਸਬੰਧ ਵਿੱਚ ਅਮਰੀਕਾ ਤੋਂ ਮਦਦ ਮੰਗੀ ਸੀ ਪਰ ਪ੍ਰੈੱਸ ਸਕੱਤਰ ਜੈਨ ਸਾਕੀ ਨੇ ਦੱਸਿਆ ਕਿ ਕੈਨੇਡਾ ਦੀ ਇਸ ਬੇਨਤੀ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਬਾਇਡਨ ਪ੍ਰਸ਼ਾਸਨ ਨੇ ਇਸ ਲਈ ਹਾਮੀ ਭਰੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



KANG TAX & FINANCIAL SERVICES
Carte WEALTH MANAGEMENT INC.

› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***
FREE For New Immigrants
TAX Filing $40 +Tax
$10 OFF Coupon only for New Clients One per family
* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Aaxel Insurance.
Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
Suite #105-2645 Islington Ave. Etobicoke, ON M9V 2X6
Website: www.kangtax.com
Email: sukhwinder.kang@cartewm.com



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਮੁੱਖ ਮੰਤਰੀਆਂ ਨਾਲ ਨਰਿੰਦਰ ਮੋਦੀ ਵੱਲੋਂ ਬੈਠਕ: ਕੋਰੋਨਾ ਦੀ ਦੂਸਰੀ ਲਹਿਰ ਤੁਰੰਤ ਰੋਕਣ ਉੱਤੇ ਜ਼ੋਰ

ਨਵੀਂ ਦਿੱਲੀ, 17 ਮਾਰਚ, (ਪੋਸਟ ਬਿਊਰੋ)- ਭਾਰਤ ਵਿਚ ਕੋਰੋਨਾ ਵਾਇਰਸ ਦੇ ਲਗਾਤਾਰ ਵਧਦੇ ਨੇ ਕੇਂਦਰ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ। ਇਸ ਲਈ ਅਗਲੀ ਰਣਨੀਤੀ ਉੱਤੇ ਚਰਚਾ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂਅੱਜ ਮੁੱਖ ਮੰਤਰੀਆਂ ਨਾਲ ਬੈਠਕ ਕੀਤੀ, ਪਰ




ਇਸਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਸ਼ਾਮਲ ਨਹੀਂ ਹੋਏ।

ਵੀਡੀਓ ਕਾਨਫਰੰਸ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਾਨੂੰ ਹਰ ਹਾਲ ਵਿਚ ਕੋਰੋਨਾ ਮਹਾਮਾਰੀ ਨੂੰ ਹਰਾਉਣਾ ਪਵੇਗਾ ਅਤੇ ਇਸ ਦੇ ਲਈ ਮਾਸਕ ਬਾਰੇ ਗੰਭੀਰਤਾ ਹਾਲੇ ਵੀ ਬੜੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਵੈਕਸੀਨੇਸ਼ਨ ਦੀ ਰਫਤਾਰ ਲਗਾਤਾਰ ਵਧ ਰਹੀ ਹੈ, ਅਸੀਂ ਰੋਜ਼ਾਨਾ 30 ਲੱਖ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਅੰਕੜਾ ਪਾਰ ਕਰ ਚੁੱਕੇ ਹਾਂ, ਪਰ ਇਸ ਦੇ ਨਾਲ ਸਾਨੂੰ ਵੈਕਸੀਨ ਦੀ ਬਰਬਾਦੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੋਰੋਨਾ ਦੀ ਲੜਾਈਵਿੱਚ ਵੈਕਸੀਨ ਅਸਰਦਾਰ ਹਥਿਆਰ ਹੈ।

ਮੁੱਖ ਮੰਤਰੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੋਰੋਨਾ ਵਾਇਰਸ ਦੇ ਖਿਲਾਫ ਸਾਡੇ ਦੇਸ਼ ਦੀ ਲੜਾਈ ਨੂੰ ਸਾਲ ਤੋਂ ਵੱਧ ਹੋ ਰਿਹਾਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕਾਂ ਨੇ ਕੋਰੋਨਾ ਦਾ ਜਿੱਦਾਂ ਸਾਹਮਣਾ ਕੀਤਾ ਹੈ, ਉਸ ਨੂੰ ਦੁਨੀਆ ਦੇ ਲੋਕ ਮਿਸਾਲ ਵਜੋਂ ਪੇਸ਼ ਕਰਦੇ ਹਨ ਤੇ ਇਸ ਹੌਸਲੇ ਨਾਲ ਅੱਜ ਭਾਰਤ ਵਿਚ 96 ਫ਼ੀਸਦੀ ਤੋਂ ਵੱਧਕੇਸ ਰਿਕਵਰ ਹੋ ਚੁੱਕੇ ਹਨ ਅਤੇ ਮੌਤਾਂਦੇ ਪੱਖੋਂ ਵੀ ਭਾਰਤ ਸਭ ਤੋਂ ਘੱਟ ਦਰ ਵਾਲੇ ਦੇਸ਼ਾਂ ਵਿਚ ਹੈ। ਉਨ੍ਹਾਂ ਕਿਹਾ ਕਿ ਕੁਝ ਰਾਜਾਂਵਿੱਚ ਕੇਸਾਂ ਦੀ ਗਿਣਤੀ ਵਧ ਰਹੀ ਹੈ ਅਤੇ ਭਾਰਤ ਦੇ 70 ਜ਼ਿਲਿਆਂ ਵਿਚ ਇਹ ਵਾਧਾ 150 ਫ਼ੀਸਦੀ ਤੋਂ ਵੱਧ ਹੈ, ਸਾਨੂੰ ਕੋਰੋਨਾ ਦੀ ਇਸ ਉੱਭਰਦੀ ਹੋਈ ਦੂਸਰੀ ਲਹਿਰ ਨੂੰ ਤੁਰੰਤ ਰੋਕਣਾ ਪਵੇਗਾ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday.* Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋਂ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਨੈਨੀ ਦੀ ਲੋੜ
Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:
416-556-6884

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੋਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਸਾਡਾ ਵਿਰਸਾ

# ਸਾਥੀ ਫਿਰੋਜ਼ਦੀਨ ਮਨਸੂਰ (ਮੁਹੰਮਦਬਖਸ਼)

**''ਪਹਿਲਾ ਪੰਜਾਬੀ ਮਾਰਕਸਵਾਦੀ ਜਿਹੜਾ ਭਾਰਤ ਦੀ ਆਜ਼ਾਦੀ ਲਹਿਰ ਅੰਦਰ ਉਘਾ-ਘੁਲਾਟੀਆ, ਦੇਸ਼-ਭਗਤ, ਹਿਜ਼ਰਤ ਅੰਦੋਲਨ ਦਾ ਆਗੂ ਤੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦਾ ਬਾਨੀ ਮੈਂਬਰ ਸੀ, ਨੂੰ ਯਾਦ ਕਰਦਿਆਂ !''**



-ਜਗਦੀਸ਼ ਸਿੰਘ ਚੋਹਕਾ-

ਬਰਤਾਨਵੀ ਬਸਤੀਵਾਦੀ ਸਾਮਰਾਜੀਆਂ ਵਿਰੁਧ ਪਹਿਲੇ ਸੰਸਾਰ ਜੰਗ ਬਾਅਦ ਗੁਲਾਮ ਮੁਲਕਾਂ ਤੇ ਕੌਮਾਂ ਅੰਦਰ ਆਜਾਦੀ ਲਈ ਵੱਖੋ ਵੱਖ ਰੂਪਾਂ ਵਿੱਚ ਸੰਘਰਸ਼ਾਂ ਨੇ ਰੂਪਮਾਨ ਹੋਣਾ ਸ਼ੁਰੂ ਕਰ ਦਿੱਤਾ ਸੀ। ਸਾਲ 1920 ਨੂੰ ਭਾਰਤ ਅੰਦਰ ਅਨੇਕਾਂ ਮੁਹਾਜ਼ਰ ਖਿਲਾਫ਼ਤ ਅੰਦੋਲਨ ਵਿੱਚ ਸ਼ਾਮਲ ਹੋ ਕੇ ਅਫਗਾਨਿਸਤਾਨ ਰਾਹੀਂ ਤਾਸ਼ਕੰਦ ਪੁੱਜ ਗਏ। ਜਿੱਥੇ ਉਨ੍ਹਾਂ ਦੀ ਮੁਲਾਕਾਤ ਬਾਲਸ਼ਵਿਕ ਪਾਰਟੀ ਨਾਲ ਹੋਈ ਤੇ ਉਨ੍ਹਾਂ ਨੇ ਮਾਰਕਸਵਾਦ ਸਬੰਧੀ ਗਿਆਨ ਪ੍ਰਾਪਤ ਕੀਤਾ। ਉਨ੍ਹਾਂ ਮੁਹਾਜਰਾਂ 'ਚ ਇਕ ਨੌਜਵਾਨ ਫਿਰੋਜਦੀਨ ਮਨਸੂਰ ਸੀ ਜੋ ਸਾਰੀ ਉਮਰ ਮਾਰਕਸਵਾਦ ਦਾ ਪ੍ਰਣਾਇਆ ਅਤੇ ਲਾਲ ਝੰਡਾ ਚੁੱਕੀ ਸਾਰੀ ਉਮਰ ਕਿਰਤੀ-ਕਿਸਾਨਾਂ ਦੀ ਬੰਦ-ਖਲਾਸੀ ਲਈ ਜੂਝਦਾ ਰਿਹਾ। ਤਾਸ਼ਕੰਦ ਦੀ ਵਾਪਸੀ 'ਤੇ ਭਾਰਤ ਅੰਦਰ ਉਸ ਵੇਲੇ ਫਰੰਟੀਅਰ ਪੁਲਿਸ ਵਲੋਂ ਗ੍ਰਿਫਤਾਰ ਕਰਕੇ 1923 ਤੋਂ ਲੈ ਕੇ ਕਮਿਊਨਿਸਟ ਲਹਿਰ ਨਾਲ ਅਜਿਹਾ ਨਾਤਾ ਜੋੜਿਆ ਕਿ ਆਖਰੀ ਦਮ ਤੱਕ ਉਸ ਨੇ ਲਾਲ ਝੰਡੇ ਦਾ ਸਾਥ ਨਹੀਂ ਛੱਡਿਆ। ਸਾਥੀ ਫਿਰੋਜਦੀਨ ਮਨਸੂਰ ਨੇ ਜ਼ਿੰਦਗੀ ਅੰਦਰ ਬਹੁਤ ਸਾਰੇ ਉਤਰਾਅ-ਚੜਾਅ ਦੇਖੇ, ਆਜਾਦੀ ਬਾਦ ਪਾਕਿਸਤਾਨ ਅੰਦਰ ਫੌਜੀ ਹਾਕਮਾਂ ਨੇ ਉਸ ਨੂੰ ਕਈ ਤਰ੍ਹਾਂ ਦੀਆਂ ਸਜ਼ਾਅ ਦਿੱਤੀਆਂ। ਪਾਕਿਸਤਾਨ ਦੇ ਸ਼ਹਿਰ ਸ਼ੇਖੂਪੁਰਾ ਦਾ ਜੰਮਪਲ ਅਤੇ ਆਖਰੀ ਸਾਹ ਵੀ ਸ਼ੇਖੂਪੁਰਾ ਹੀ ਉਸ ਨੇ ਲਏ। ਆਜਾਦੀ ਬਾਦ ਉਸ ਨੇ ਪਾਕਿਸਤਾਨ ਅੰਦਰ ਫੌਜੀ ਸਰਕਾਰ ਵਿਰੁਧ ਨਿੱਠ ਕੇ ਸੰਘਰਸ਼ ਕੀਤਾ ਤੇ ਹਰ ਤਰ੍ਹਾਂ ਦੇ ਤਸੀਹਿਆਂ ਅਤੇ ਮੁਸੀਬਤਾਂ ਦਾ ਸ਼ਿਕਾਰ ਵੀ ਬਣਿਆ। ਉਹ ਪਾਕਿਸਤਾਨ ਦੀ ਕਮਿਊਨਿਸਟ ਪਾਰਟੀ ਦਾ ਐਕਟਿੰਗ ਜਨਰਲ-ਸਕੱਤਰ ਵੀ ਰਿਹਾ। ਇਕ ਵੱਧੀਆ ਇਨਸਾਨ, ਕਮਿਊਨਿਸਟ ਆਗੂ ਤੇ ਲੋਕਾਂ ਦਾ ਸਾਥੀ 1959 ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ ਸੀ। ਉਹ ਲੇਖਕ, ਜੱਥੇਬੰਦਕ ਆਗੂ ਤੇ ਅਸੂਲਾਂ ਨੂੰ ਪ੍ਰਣਾਇਆ ਹੋਇਆ ਸੀ।

ਸਾਥੀ ਫਿਰੋਜ਼ਦੀਨ ਮਨਸੂਰ ਦੇ ਜੀਵਨ ਸਬੰਧੀ ਹੇਠਾਂ ਉਘੇ (ਮਰਹੂਮ) ਕਮਿਊਨਿਸਟ ਆਗੂ, ਸੀ.ਪੀ.ਆਈ (ਐਮ) ਦੇ ਸਾਬਕਾ ਜਨਰਲ-ਸਕੱਤਰ ਤੇ ਲੇਖਕ ਹਰਕਿਸ਼ਨ ਸਿੰਘ ਸੁਰਜੀਤ ਜੀ ਦੇ ਇਸ ਲੇਖ ਰਾਹੀਂਸਾਂਝ ਪੈਦਾ ਕੀਤੀ ਜਾ ਰਹੀਹੈ। ਸੁਰਜੀਤ ਜੀ ਦੇ ਇਸ ਲੇਖ ਲਈ ਉਨ੍ਹਾਂ ਪ੍ਰਤੀ ਅਸੀਂਧੰਨਵਾਦੀ ਹਾਂ।

ਮੈਂ 1959 ਨੂੰ ਜੰਮੂ ਤੋਂ ਪਠਾਨਕੋਟ ਆ ਰਿਹਾ ਸੀ ਕਿ ਕਾਮਰੇਡ ਫੀਰੋਜ਼ ਦੀਨ ਮਨਸੂਰ ਦੀ ਬੇ-ਮੌਕਾ ਮੌਤ ਦੀ ਦੁਖਦਾਈ ਖਬਰ ਅਖਬਾਰ ਵਿੱਚ ਪੜ੍ਹੀ। ਮੇਰੇ ਸਾਹਮਣੇ ਉਸ ਵੇਲੇ, ਮਨਸੂਰ ਦੀ ਸਾਰੀ ਜ਼ਿੰਦਗੀ, ਪਾਰਟੀ ਦੇ ਮੁਢਲੇ ਦਿਨ, ਪੰਜਾਬ ਦੀ ਵੰਡ, ਮਨਸੂਰ ਨਾਲ 8 ਅਪ੍ਰੈਲ 1955 ਨੂੰ ਮੇਰੀ ਆਖਰੀ ਮੁਲਾਕਾਤ (ਜਦੋਂ ਉਹ ਜਲੰਧਰ ਮੈਚ ਦੇਖਣ ਦੇ ਬਹਾਨੇ ਆਪਣੇ ਸਾਥੀਆਂ ਨੂੰ ਮਿਲਣ ਵਾਸਤੇ ਆਇਆ ਸੀ।) ਇਕ ਫਿਲਮ ਦੀ ਤਰ੍ਹਾਂ ਲੰਘ ਗਏ। ਪਾਕਿਸਤਾਨ ਦੀ ਜਮਹੂਰੀ ਲਹਿਰ ਇਹ ਘਾਟਾ ਕਿਵੇਂ ਬਰਦਾਸ਼ਤ ਕਰੇਗੀ ? ਅਯੂਬ ਖਾਨ ਦੀ ਫੌਜੀ ਡਿਕਟੇਟਰਸ਼ਿਪ ਦੇ ਤਸੀਹੇ ਹਾਲੀ ਕਿੰਨੇ ਮਨਸੂਰਾਂ ਦੀਆਂ ਜਾਨਾਂ ਲੈਣਗੇ ? ਗਲ ਕੀ ਪਾਕਿਸਤਾਨ ਦੀ ਜਮਹੂਰੀ ਲਹਿਰ, ਕਮਿਊਨਿਸਟ ਪਾਰਟੀ ਆਦਿ ਹਰ ਤਰ੍ਹਾਂ ਦੇ ਵਿਚਾਰ ਮਨ ਵਿੱਚ ਆਉਂਦੇ ਗਏ।ਮਨਸੂਰ ਵੀਹ ਸਾਲ ਤੋਂ ਦਮੇ ਦਾ ਮਰੀਜ਼ ਸੀ, ਉਸ ਨੂੰ ਕਈ ਵਾਰ ਮੁਲਕ ਦੀ ਆਜ਼ਾਦੀ ਤੇ ਮਿਹਨਤਕਸ਼ ਜਨਤਾ ਦੀ ਰਾਖੀ ਲਈ ਸਾਲਾਂ ਬੱਧੀ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਰਹਿਣਾ ਪਿਆ। ਪਰ ਅਯੂਬ ਖਾਨ ਦੇ ਰਾਜ ਨੇ ਉਸ ਦੀ ਜਾਨ ਲੈਣ ਦਾ ਫੈਸਲਾ ਕਰ ਲਿਆ। ਜੇਲ੍ਹ ਵਿੱਚ ਭੈੜੇ ਵਤੀਰੇ ਵਜੋਂ ਉਸ ਦੀ ਬੀਮਾਰੀ ਵੱਧ ਗਈ ਅਤੇ ਉਸ ਨੂੰ ਉਸ ਵੇਲੇ ਰਿਹਾਅ ਕੀਤਾ, ਜਦੋਂ ਬਚਣ ਦੀ ਕੋਈ ਵੀ ਆਸ ਨਹੀਂ ਰਹੀਂ। ਅਯੂਬ ਖਾਨ, ਮਨਸੂਰ ਦੀ ਜਾਨ ਲੈਣ ਵਿੱਚ ਕਾਮਯਾਬ ਹੋ ਗਿਆ। ਪਰ ਉਸ ਦੇ ਨਿਸ਼ਾਨੇ ਨੂੰ ਫੇਲ੍ਹ ਕਰਨ ਵਿੱਚ ਉਹ ਸਫਲ ਨਹੀਂ ਹੋ ਸਕਦਾ। ਮਨਸੂਰ ਨੇ ਆਪਣੀ ਜਨਮ-ਭੂਮੀ ਸ਼ੇਖੂਪੁਰੇ ਵਿੱਚ ਜਾ ਕੇ ਆਪਣੇ ਸੁਆਸ ਛੱਡੇ। ਪਿਛਲੇ ਚਾਲ੍ਹੀ ਵਰ੍ਹਿਆਂ ਵਿੱਚ ਸ਼ਾਇਦ ਉਸ ਨੂੰ ਘੱਟ ਹੀ ਉਥੇ ਜਾਣ ਦਾ ਸਮਾਂ ਮਿਲਿਆ ਸੀ।

ਮਨਸੂਰ ਇੱਕ ਗਰੀਬ ਘਰ ਵਿੱਚ ਪੈਦਾ ਹੋਇਆ। ਉਹਦਾ ਪਿਤਾ ਦਰਜੀ ਦਾ ਕੰਮ ਕਰਦਾ ਸੀ। ਆਪਣੀ ਸਖਤ ਮਿਹਨਤ ਨਾਲ ਉਸ ਨੇ ਆਪਣੇ ਇਕੱਲੇ ਪੁੱਤਰ ਨੂੰ ਪੜ੍ਹਾਇਆ, ਤਾਂ ਕਿ ਉਹ ਨੌਕਰੀ ਕਰਕੇ ਆਪਣੇ ਪਿਤਾ ਦੇ ਮਸ਼ੀਨ ਤੋਂ ਹੱਡ ਛੁਡਾ ਸਕੇ। ਉਸ ਨੂੰ ਨਹੀਂ ਪਤਾ ਸੀ ਕਿ ਉਸ ਦਾ ਪੁੱਤਰ ਸਾਰੇ ਮਿਹਨਤਕਸ਼ ਲੋਕਾਂ ਦੇ ਕਲਿਆਣ ਵਾਸਤੇ ਪੰਜਾਬ ਦੀ ਧਰਤੀ 'ਤੇ ਕਮਿਊਨਿਸਟ ਲਹਿਰ ਦੇ ਮੋਢੀਆਂ ਵਿੱਚੋਂ ਹੋਵੇਗਾ।

ਪਿਤਾ ਦੀਆਂ ਆਸਾਂ ਦਿਲ ਵਿੱਚ ਹੀ ਸਨ ਕਿ ਮਨਸੂਰ 17-18 ਵਰ੍ਹਿਆਂ ਦੀ ਉਮਰ ਵਿੱਚ ਹੀ ਖਿਲਾਫਤ ਲਹਿਰ ਵਿੱਚ ਕੁੱਦ ਪਿਆ। ਉਹ 1920 ਵਿੱਚ ਉਹਨਾਂ ਅਨੇਕਾਂ ਮੁਹਾਜਰਾਂ ਵਿੱਚ ਸ਼ਾਮਲ ਹੋ ਗਿਆ ਜੋ ਅੰਗਰੇਜ਼ੀ ਸਾਮਰਾਜ ਵਿਰੁੱਧ ਮੁਸਤਫਾ ਕਮਾਲ ਪਾਸ਼ਾ ਦੀ ਅਗਵਾਈ ਹੇਠ ਲੜ ਰਹੇ ਬਹਾਦਰ ਤੁਰਕਾਂ ਦੀ ਹਮਾਇਤ ਵਾਸਤੇ ਦੇਸ਼ ਵਿਚੋਂ ਹਿਜ਼ਰਤ ਕਰਕੇ ਜਾ ਰਹੇ ਸਨ। ਸ਼ਾਇਦ ਉਹ ਉਮਰ ਵਿੱਚ ਸਭ ਤੋਂ ਛੋਟਾ ਸੀ ਪਰ ਸਿੱਦਕ ਦਾ ਪੱਕਾ ਸੀ। ਇਹਨਾਂ ਦਾ ਜੱਥਾ ਹਿੰਦੋਸਤਾਨ ਦੀਆਂ ਉੱਤਰ-ਪੱਛਮੀ ਸਰਹੱਦਾਂ ਪੈਦਲ ਪਾਰ ਕਰਕੇ ਕਾਬਲ ਪਹੁੰਚ ਗਿਆ। ਅਫਗਾਨਿਸਤਾਨ ਵਿੱਚ ਉਸ ਵੇਲੇ ਅੰਗਰੇਜ਼ ਵਿਰੋਧੀ ਹਾਕਮ ਅਮਾਨਉਲਾ ਦੀ ਹਕੂਮਤ ਸੀ। ਪਰ ਉੱਥੇ ਜਾ ਕੇ ਇਹਨਾਂ ਨੂੰ ਦੂਜੇ ਗੁਆਂਢੀ ਮੁਸਲਿਮ ਦੇਸ਼ਾਂ ਦਾ ਕੌੜਾ ਤਜਰਬਾ ਹੋਇਆ। ਉਹ ਇਹਨਾਂ ਦੀ ਮੱਦਦ ਕਰਨ ਨੂੰ ਤਿਆਰ ਨਹੀਂ ਸਨ।

ਮੁਹਾਜਰ ਇਰਾਦੇ ਦੇ ਬੜੇ ਪੱਕੇ ਸਨ। ਇਨ੍ਹਾਂ ਵਿੱਚੋਂ ਗੱਭਰੂਆਂ ਦਾ ਇਕ ਜੱਥਾ ਏਸ਼ੀਆ ਮਾਈਨਰ ਵਾਸਤੇ ਚੱਲ ਪਿਆ। ਹਿੰਦੂਕਸ਼ ਲੰਘ ਕੇ ਉਬਜ਼ੇਕਿਸਤਾਨ ਦੇ ਸ਼ਹਿਰ ਤਰਮੇਜ਼ ਪੁੱਜ ਗਿਆ। ਉਸ ਵੇਲੇ ਸੋਵੀਅਤ ਰੂਸ ਵਿੱਚ ਇਨਕਲਾਬ ਹੋਇਆ ਤਿੰਨ ਵਰ੍ਹੇ ਹੀ ਹੋਏ ਸਨ ਅਤੇ ਹਾਲੀਂ ਇਸ ਇਲਾਕੇ ਵਿੱਚ ਖਾਨਾ ਜੰਗੀ ਜਾਰੀ ਸੀ।

ਉਥੋਂ ਦੇ ਅਧਿਕਾਰੀਆਂ ਨੇ ਇਨ੍ਹਾਂ ਦਾ ਹਿੰਦੁਸਤਾਨੀ ਇਨਕਲਾਬੀਆਂ ਦੀ ਹੈਸੀਅਤ ਵਿੱਚ ਸਵਾਗਤ ਕੀਤਾ ਅਤੇ ਠਹਿਰਨ ਵਾਸਤੇ ਆਖਿਆ ਤਾਂਕਿ ਉਹ ਅੱਖੀ ਵੇਖ ਸਕਣ ਕਿ ਇਨਕਲਾਬ ਤੋਂ ਪਿੱਛੋਂ ਰੂਸ ਵਿੱਚ ਕੀ ਕੁਝ ਹੋਇਆ ਹੈ। ਪਰ ਜੱਥੇ ਏਸ਼ੀਆ ਮਾਈਨਰ ਨੂੰ ਜਾਣ ਵਾਸਤੇ ਇਸਰਾਰ ਕੀਤਾ। ਤੁਰਕਮਾਨ ਇਨਕਲਾਬ ਦੁਸ਼ਮਣਾਂ ਨੇ ਰੇਲ ਦੀਆਂ ਲਾਈਨਾਂ ਪੁਟ ਛੱਡੀਆਂ ਸਨ। ਇਸ ਲਈ ਇਹਨਾਂ ਗੱਭਰੂਆਂ ਨੇ ਆਮੂ ਦਰਿਆ ਵਿੱਚੋਂ ਦੀ ਕਿਸ਼ਤੀ ਦਾ ਰਸਤਾ ਫੜਿਆ। ਰਸਤੇ ਵਿੱਚ ਉਹਨਾਂ ਨੂੰ ਤੁਰਕਮਾਨ ਇਨ-ਕਲਾਬ ਦੁਸ਼ਮਣਾਂ ਨੇ ਗ੍ਰਿਫਤਾਰ ਕਰ ਲਿਆ ਤੇ ਮੌਤ ਦੀ ਸਜ਼ਾ ਦੇ ਦਿੱਤੀ।

ਚੰਗੇ ਭਾਗਾਂ ਨੂੰ ਐਨ ਉਸ ਵੇਲੇ ਲਾਲ ਫੌਜ ਉਸ ਇਲਾਕੇ ਵਿੱਚ ਪੁਜ ਗਈ ਅਤੇ ਉਸ ਨੇ ਇਹਨਾਂ ਹਿੰਦੁਸਤਾਨੀ ਗੱਭਰੂਆਂ ਦੀਆਂ ਜਾਨਾਂ ਬਚਾ ਲਈਆਂ। ਫਿਰ ਇਹ ਨੌਜਵਾਨ ਲਾਲ ਫੌਜ ਵਿੱਚ ਭਰਤੀ ਹੋ ਕੇ ਤੁਰਕਮਾਨ ਪਿਛਾਂ ਖਿਚੂਆਂ ਦੇ ਵਿਰੁੱਧ ਲੜੇ। ਇਹਨਾਂ ਨੇ ਲਾਲ ਫੌਜ ਨਾਲ ਰਲ ਕੇ ਤੁਰਕ-ਮੇਨਿਸਤਾਨ ਵਿੱਚ ਕਿਰਕੀ ਦੇ ਕਿਲੇ ਦੀ ਰਾਖੀ ਕੀਤੀ। ਮਨਸੂਰ ਇਹਨਾਂ ਗੱਭਰੂਆਂ ਵਿੱਚੋਂ ਇਕ ਸੀ। ਏਥੇ ਇਹਨਾਂ ਨੂੰ ਅਹਿਸਾਸ ਹੋਇਆ ਕਿ ਅਧੀਨ ਦੇਸ਼ਾਂ ਦਾ ਸਹੀ ਮਿੱਤਰ ਸੋਵੀਅਤ ਰੂਸ ਹੀ ਹੈ। ਇਹਨਾਂ ਵਿੱਚੋਂ ਬਹੁਤ ਸਾਰਿਆਂ ਨੇ ਇਰਾਦਾ ਬਦਲ ਲਿਆ ਤੇ ਤਾਸ਼ਕੰਦ ਤੋਂ ਮਾਸਕੋ ਪੁਜ ਗਏ।

ਉਹਨਾਂ ਵਿੱਚੋਂ ਬਹੁਤ ਸਾਰੇ 'ਮਿਹਨਤਕਸ਼ਾਂ ਦੀ ਪੂਰਬੀ ਯੂਨੀਵਰਸਿਟੀ' (ਜਿਹੜੀ ਹਾਲੀ ਖੁਲ੍ਹੀ ਹੀ ਸੀ) ਵਿੱਚ ਦਾਖਲ ਹੋ ਗਏ, ਮਾਰਕਸਿਜ਼ਮ ਦੀ ਵਿਗਿਆਨਕ ਵਿੱਦਿਆ ਹਾਸਲ ਕੀਤੀ ਅਤੇ ਕਮਿਊਨਿਜ਼ਮ ਦੇ ਅਸੂਲਾਂ ਨੂੰ ਅਪਣਾਇਆ। ਕਾਮਰੇਡ ਮਨਸੂਰ ਓਥੇ 1920 ਵਿੱਚ ਹੀ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦਾ ਬੁਨਿਆਦੀ ਮੈਂਬਰ ਬਣ ਗਿਆ। ਸ਼ਾਇਦ ਇਹ ਪੰਜਾਬ ਵਿੱਚੋਂ ਪਹਿਲਾ ਸੱਜਣ ਸੀ, ਜਿਸ ਨੂੰ ਇਹ ਮਾਣ ਹਾਸਲ ਹੋਇਆ।

ਮੁਹਾਜ਼ਰਾਂ ਨੇ ਇਹ ਫੈਸਲਾ ਕਰ ਲਿਆ ਕਿ ਆਪਣੇ ਦੇਸ਼ ਨੂੰ ਵਾਪਿਸ ਜਾ ਕੇ ਦੇਸ਼ ਦੀ ਆਜ਼ਾਦੀ ਤੇ ਮਿਹਨਤਕਸ਼ ਜਨਤਾ ਦੇ ਹਿੱਤਾਂ ਲਈ ਕੰਮ ਕਰਨ। ਉਸ ਵੇਲੇ ਰੂਸ ਦਾ ਇਨਕਲਾਬ ਸਾਮਰਾਜੀਆਂ ਨੂੰ ਬੜਾ ਚੁਭਦਾ ਸੀ। ਮੁਹਾਜ਼ਰਾਂ ਨੇ ਕਠਨ ਪਹਾੜੀ ਰਸਤਿਆਂ ਰਾਹੀਂ ਦੇਸ਼ ਵਿੱਚ ਦਾਖਲ ਹੋਣ ਦਾ ਫੈਸਲਾ ਕੀਤਾ। ਫੀਰੋਜ਼ਦੀਨ ਮਨਸੂਰ ਦੇਸ਼ ਦੀ ਵਾਪਸੀ ਵਾਲੇ ਪਹਿਲੇ ਜੱਥੇ ਵਿੱਚ ਸ਼ਾਮਿਲ ਹੋ ਗਿਆ।

ਮਨਸੂਰ ਦੀ ਜ਼ਬਾਨੀ ਵਾਪਸੀ ਦੀ ਕਹਾਣੀ ਸੁਣ ਕੇ ਲੂੰ ਕੰਢੇ ਖੜ੍ਹੇ ਹੋ ਜਾਂਦੇ ਸਨ। ਪਾਮੀਰ ਤੇ ਹਿੰਦੁਕਸ਼ ਦੀਆਂ ਬਰਫਾਨੀ ਚੋਟੀਆਂ ਤੋਂ ਲੰਘਣ ਕਰਕੇ ਉਸ ਦੇ ਪੈਰਾਂ ਉੱਤੇ ਅੱਜ ਵੀ ਬਰਫ ਨਾਲ ਸੜੇ ਹੋਣ ਦੇ ਨਿਸ਼ਾਨ ਮੌਜੂਦ ਸਨ। ਪਰ ਮਨੁੱਖਤਾ ਦੀ ਭਲਾਈ ਦਾ ਉੱਚਾ ਉਦੇਸ਼ ਤਸੀਹਾਂ ਨੂੰ ਕੀ ਜਾਣਦਾ ਹੈ ? ਉਹ ਜੰਗਲੀ ਫਲ ਅਤੇ ਪੱਤੇ ਖਾਂਦੇ ਹੋਏ, ਕੁਰਾਹਿਆਂ ਵਿੱਚ ਭਟਕਦੇ, ਮਾਸਖੋਰੇ ਜਾਨਵਰਾਂ ਤੋਂ ਬਚਦੇ, ਬਰਫਾਨੀ ਭੂਤ ਦਾ ਮੁਕਾਬਲਾ ਕਰਦੇ ਹੋਏ ਕਬਾਈਲੀ ਇਲਾਕੇ ਵਿੱਚ ਦਾਖਲ ਹੋ ਗਏ। ਅੰਗਰੇਜ਼ ਸਾਮਰਾਜ਼ੀ ਸੂਹੇ ਸ਼ਾਇਦ ਪਹਿਲੋਂ ਹੀ ਸੁੰਘ ਰਹੇ ਸਨ। ਉਹਨਾਂ ਨੂੰ ਖਬਰ ਹੋ ਗਈ। ਮਨਸੂਰ, ਅਕਬਰ ਖਾਂ, ਗੌਰ ਰਹਿਮਾਨ ਖਾਂ ਅਤੇ ਉਹਨਾਂ ਦੇ ਦੋ ਹੋਰ ਸਾਥੀਆਂ ਨੂੰ ਚਿਤਰਾਲ ਤੋ ਗ੍ਰਿਫਤਾਰ ਕਰ ਲਿਆ ਗਿਆ। ਇਹ ਸ਼ਾਇਦ 1922ਆਖੀਰ ਦੀ ਗੱਲ ਹੈ। ਪਿਸ਼ਾਵਰ ਲਿਆ ਕੇ ਉਹਨਾਂ ਉੱਤੇ ਤਾਜ਼ੀਰਾਤ ਹਿੰਦ ਦੀ ਦਫਾ 121-ਏ ਹੇਠ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸਾਜਸ਼ ਦਾ ਮੁਕੱਦਮਾ ਚਲਾ ਦਿੱਤਾ ਗਿਆ, ਜੋ 'ਪਿਸ਼ਾਵਰ ਕਾਨਸਪ੍ਰੇਸੀ ਕੇਸ' ਦੇ ਨਾਮ ਨਾਲ ਮਸ਼ਹੂਰ ਹੋ ਗਈ। ਮਈ 1923 ਵਿੱਚ ਮਨਸੂਰ ਤੇ ਉਸ ਦੇ ਸਾਥੀਆਂ ਨੂੰ ਸਖਤ ਸਜਾਵਾਂ ਦੇ ਦਿੱਤੀਆਂ ਗਈਆਂ। ਇਹ ਹਿੰਦੁਸਤਾਨ ਵਿੱਚ ਕਮਿਊਨਿਸਟਾਂ ਵਿਰੁੱਧ ਪਹਿਲਾਂ ਸਾਜ਼ਜ ਕੇਸ ਸੀ (ਦੂਸਰਾ ਕਾਨਪੁਰ ਕਾਨਸਪ੍ਰੇਸੀ-1925 ਤੇ ਤੀਸਰਾ ਮੇਰਠ ਸਾਜ਼ਜ ਕੇਸ 1929-1933)।

1924 ਵਿਚ ਜੇਲ੍ਹ ਤੋਂ ਰਿਹਾ ਹੋਏ ਮਨਸੂਰ ਨੇ ਆਪਣੇ ਸਾਥੀਆਂ ਤੇ ਹਿੰਦੁਸਤਾਨ ਦੇ ਦੂਸਰੇ ਕਮਿਊਨਿਸਟਾਂ ਨਾਲ ਸੰਬੰਧ ਜੋੜਿਆ ਅਤੇ ਉਹਨਾਂ ਦੀ ਸਲਾਹ ਨਾਲ ਉਹ ਦਿੱਲੀ ਵਿੱਚ 'ਕਾਂਗਰਸ' ਨਾਮੀ ਅਖਬਾਰ ਦਾ ਅਡੀਟਰ ਬਣ ਗਿਆ। ਪੰਜਾਬ ਵਿੱਚ ਇਸ ਵੇਲੇ ਭਾਈ ਸੰਤੋਖ ਸਿੰਘ ਜੀ ਦੇ ਉਦਮ ਨਾਲ ਪੰਜਾਬੀ ਦਾ ਮਾਹਵਾਰੀ ਪਰਚਾ 'ਕਿਰਤੀ' ਜਾਰੀ ਹੋ ਚੁੱਕਾ ਸੀ। ਮੁੱਖੀ ਕਮਿਊਨਿਸਟ ਆਗੂ ਕਾਮਰੇਡ ਸੋਹਣ ਸਿੰਘ ਜੋਸ਼ ਇਸ ਦੇ ਐਡੀਟਰ ਸਨ ਅਤੇ ਸ਼ਹੀਦ ਭਗਤ ਸਿੰਘ ਇਸ ਦੇ ਸਬ ਐਡੀਟਰ ਸਨ। ਸਾਥੀ ਅਰਜਨ ਸਿੰਘ ਗੜਗੱਜ ਵੀ ਉਹਨੀ ਦਿਨੀਂ 'ਕਿਰਤੀ' ਦੇ ਸਟਾਫ ਵਿੱਚ ਹੀ ਕੰਮ ਕਰਦੇ ਸਨ। 1927 ਵਿੱਚ ਇਸ ਪਰਚੇ ਨੂੰ ਉਰਦੂ ਵਿੱਚ ਜਾਰੀ ਕਰਨ ਦੀ ਮੰਗ ਵੀ ਜ਼ੋਰ ਫੜ ਰਹੀ ਸੀ।

ਅਖਬਾਰ ਦੀ ਐਡੀਟਰੀ ਦੇ ਨਾਲ ਨਾਲ ਕਾਮਰੇਡ ਮਨਸੂਰ ਨੇ ਮਜ਼ਦੂਰਾਂ ਦੇ ਜੱਥੇਬੰਦਕ ਕੰਮਾਂ ਵਿੱਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। 27,28 ਨਵੰਬਰ 1927 ਨੂੰ ਕਾਨਪੁਰ ਵਿਖੇ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦਾ ਅੱਠਵਾਂ ਸਲਾਨਾ ਸਮਾਗਮ ਹੋਇਆ। ਕਾਮਰੇਡ ਮਨਸੂਰ ਇਸ ਵਿੱਚ ਦਿੱਲੀ ਤੋਂ ਡੈਲੀਗੇਟ ਦੀ ਹੈਸੀਅਤ ਵਿੱਚ ਸ਼ਾਮਿਲ ਹੋਏ। ਕਾਮਰੇਡ ਸੋਹਣ ਸਿੰਘ ਜੋਸ਼ ਤੇ ਬਾਬਾ ਭਾਗ ਸਿੰਘ ਕੈਨੇਡੀਅਨ ਪੰਜਾਬ ਵਿੱਚੋਂ ਡੈਲੀਗੇਟ ਸਨ। ਉਸ ਮੌਕੇ ਤੇ ਉਹਨਾਂ ਨੇ ਕਾਮਰੇਡ ਮੁਜ਼ੱਫਰ ਅਹਿਮਦ ਤੇ ਦੂਸਰੇ ਸਾਥੀਆਂ ਨਾਲ ''ਉਰਦੂ ਕਿਰਤੀ'' ਕੱਢਣ ਦੀ ਚਰਚਾ ਕੀਤੀ ਅਤੇ ਐਡੀਟਰ ਦੀ ਇਮਦਾਦ ਕੀਤੀ। ਕਾਮਰੇਡ ਮੁਜ਼ੱਫਰ ਅਹਿਮਦ ਨੇ ਜਦ ਕਾਮਰੇਡ ਮਨਸੂਰ ਨਾਲ ਗੱਲ ਕੀਤੀ ਤਾਂ ਉਹ ਦਿੱਲੀ ਦਾ ਅਖਬਾਰ ਛੱਡ, 'ਕਿਰਤੀ' ਵਿੱਚ ਆਉਣ ਲਈ ਝੱਟ ਤਿਆਰ ਹੋ ਗਿਆ।

ਕਾਮਰੇਡ ਮਨਸੂਰ 1928 ਜਨਵਰੀ ਵਿੱਚ ਅੰਮ੍ਰਿਤਸਰ ਆ ਗਿਆ ਅਤੇ ਫਰਵਰੀ ਸ਼ੁਰੂ ਵਿੱਚ ਉਰਦੂ 'ਕਿਰਤੀ' ਰਾਹੀਂ ਉਸ ਨੇ ਤਰੱਕੀ ਪਸੰਦ ਪੰਜਾਬੀਆਂ ਨਾਲ ਆਪਣੀ ਜਾਣ ਪਛਾਣ ਕਰਾਈ। ਉਂਞ ਤਾਂ ਕਾਮਰੇਡ ਮਨਸੂਰ ਨੇ 'ਕਾਂਗਰਸ' ਅਖਬਾਰ ਵਿੱਚ ਹੀ ਉਰਦੂ ਦੇ ਚੰਗੇ ਜਨਰਲਿਸਟ ਦੀ ਮਸ਼ਹੂਰੀ ਹਾਸਲ ਕਰ ਲਈ ਸੀ। ਪਰ 'ਕਿਰਤੀ' ਨੇ ਉਸ ਦੇ ਸੁਲਝੇ ਹੋਏ ਵਿਚਾਰਾਂ ਦਾ ਵੀ ਚਾਨਣ ਕਰਵਾ ਦਿੱਤਾ। ਕਾਮਰੇਡ ਮਨਸੂਰ ਸ਼ਹੀਦ ਭਗਤ ਸਿੰਘ ਦੇ ਨਾਲ ਹੀ ਨੌਜਵਾਨ ਭਾਰਤ ਸਭਾ ਵਿੱਚ ਸ਼ਾਮਿਲ ਹੋ ਗਿਆ ਤੇ ਇਸ ਦਾ ਉੱਘਾ ਕਾਰਕੁਨ ਬਣਿਆ।

ਜਦ 1929 ਵਿੱਚ ਪੰਜਾਬ ਵਿੱਚ ਕਿਰਤੀ ਕਿਸਾਨ ਪਾਰਟੀ ਜਥੇਬੰਦ ਹੋਈ ਤਾਂ ਮਨਸੂਰ ਇਸ ਦਾ ਉੱਘਾ ਆਗੂ ਸੀ। 1929 ਵਿੱਚ ਕਲਕੱਤੇ ਵਿੱਚ ਕਾਮਰੇਡ ਜੋਸ਼ ਦੀ ਪ੍ਰਧਾਨਗੀ ਹੇਠ ਹੋਈ 'ਮਜ਼ਦੂਰ-ਕਿਸਾਨ' ਪਾਰਟੀ ਦੇ ਕੁਲ ਹਿੰਦ ਕਾਨਫਰੰਸ' ਵਿੱਚ ਕਾਮਰੇਡ ਮਨਸੂਰ ਪੰਜਾਬ ਵੱਲੋਂ ਡੈਲੀਗੇਟ ਦੀ ਹੈਸੀਅਤ ਵਿੱਚ ਸ਼ਾਮਿਲ ਹੋਏ ਸਨ। (ਪੰਜਾਬ ਵੱਲੋਂ ਕੁਲ ਪੰਜ ਡੈਲੀਗੇਟ ਸਨ -ਕਾਮਰੇਡ ਜੋਸ਼, ਬਾਬਾ ਭਾਗ ਸਿੰਘ ਕੈਨੇਡੀਅਨ, ਮਜੀਦ, ਸਹਿਗਲ ਤੇ ਮਨਸੂਰ) ਪਰ ਇਹ ਤੇ ਬਾਬਾ ਭਾਗ ਸਿੰਘ ਮੇਰਠ ਸਾਜ਼ਸ਼ ਲਈ ਪੁਲੀਸ ਦੇ ਕਾਬੂ ਨਹੀਂ ਆ ਸਕੇ ਸਨ।

ਮੇਰਠ ਦੇ ਮੁਕੱਦਮੇ ਤੋਂ ਬਾਅਦ 'ਕਿਰਤੀ' ਕੁਝ ਚਿਰ ਲਈ ਬੰਦ ਕਰਨਾ ਪਿਆ। ਕਿਰਤੀ ਕਿਸਾਨ ਪਾਰਟੀ ਕਾਨੂੰਨ ਵਿਰੁੱਧ ਕਰਾਰ ਦੇ ਦਿੱਤੀ ਗਈ। ਪਰ ਛੇਤੀ ਹੀ 1939ਦੀ ਕਰਾਚੀ ਕਾਂਗਰਸ ਤੋਂ ਬਾਅਦ 'ਕਿਰਤੀ ਦੀ ਥਾਂ ਪ੍ਰਬੰਧਕਾਂ ਨੇ 'ਮਜ਼ਦੂਰ ਕਿਸਾਨ' ਨਾਮੀ ਹਫਤਾਵਾਰੀ ਅਖਬਾਰ ਜਾਰੀ ਕਰ ਦਿੱਤਾ।ਇਸ ਅਖਬਾਰ ਦੇ ਜ਼ਰੀਏ ਕਾਮਰੇਡ ਮਨਸੂਰ ਨੇ ਸੋਸ਼ਲਿਜ਼ਮ ਦੇ ਉਦੇਸ਼ ਤੇ ਮਜ਼ਦੂਰ ਕਿਸਾਨ ਲਹਿਰ ਦਾ ਜੋ ਸੁਨੇਹਾ ਪੰਜਾਬੀ ਲੋਕਾਂ ਨੂੰ ਪਹੁੰਚਾਇਆ, ਉਹ ਕਮਿਊਨਿਸਟ ਲਹਿਰ ਦੇ ਇਤਿਹਾਸ ਦਾ ਇਕ ਅਹਿਮ ਹਿੱਸਾ ਬਣ ਚੁੱਕਾ ਹੈ। ਮਨਸੂਰ ਦੀ ਸੋਚ ਵਿੱਚ ਸਫਾਈ ਤੇ ਕਲਮ ਵਿੱਚ ਤਾਕਤ ਸੀ। ਉਹ ਕਲਮ ਦਾ ਏਨਾ ਧਨੀ ਸੀ ਕਿ ਕੋਰਿਆਂ ਦੀ ਅਕਲ ਜਗਾ ਦਿੰਦਾ ਸੀ। 1935 ਤੱਕ ਉਹ ਇਸ ਅਖਬਾਰ ਵਿੱਚ ਕੰਮ ਕਰਦਾ ਰਿਹਾ।

ਮੇਰਠ ਸਾਜ਼ਸ਼ ਕੇਸ ਤੋਂ ਕਾਮਰੇਡ ਜੋਸ਼ ਦੀ ਰਿਹਾਈ ਨਾਲ ਕਮਿਊਨਿਸਟ ਪਾਰਟੀ ਨੂੰ ਜੱਥਬੰਦਕ ਸ਼ਕਲ ਦੇਣ ਦੇ ਯਤਨ ਸ਼ੁਰੂ ਹੋ ਗਏ। ਮੇਰੀ ਮੁਲਾਕਾਤ ਉਸ ਨਾਲ ਪਹਿਲੀ ਵਾਰ 1934 ਵਿੱਚ ਹੋਈ ਮੈਂ ਵੀ ਜੇਲ੍ਹ ਤੋਂ ਰਿਹਾਅ ਹੋ ਕੇ ''ਐਂਟੀ ਇਮਪੀਰੀਅਲਿਸਟ ਲੀਗ'' ਦੀ ਕਾਇਮੀ ਲਈ ਸੱਦੀ ਗਈ ਮੀਟਿੰਗ ਵਿੱਚ ਅੰਮ੍ਰਿਤਸਰ ਗਿਆ ਸਾਂ। ਮੈਨੂੰ ਮਨਸੂਰ ਦੇ ਵਿਚਾਰਾਂ ਦੀ ਸਫਾਈ, ਸਾਦਗੀ ਤੇ ਕੁਰਬਾਨੀ ਨੇ ਉਥੇ ਹੀ ਪ੍ਰਭਾਵਤ ਕਰ ਲਿਆ ਸੀ। ਇਸ ਤੋਂ ਬਾਅਦ ਖਿਆਲਾਂ ਦੀ ਸਾਂਝ ਨੇ ਸਾਨੂੰ ਇਕ ਜੱਥੇਬੰਦਕ ਲੜੀ ਵਿੱਚ ਪਰੋ ਦਿੱਤਾ।

1935 ਅਖੀਰ ਵਿੱਚ ਕਮਿਊਨਿਸਟ ਪਾਰਟੀ ਦੀ ਸੂਬਾਈ ਆਰਜ਼ੀ ਕਮੇਟੀ ਬਣੀ। ਕਾਮਰੇਡ ਮਨਸੂਰ ਉਸ ਦਾ ਮੈਂਬਰ ਸੀ, ਉਸ ਸਮੇਂ ਤੋਂ ਲੈ ਕੇ ਉਹ ਪੰਜਾਬ ਵਿੱਚ ਪਾਰਟੀ ਦੀਆਂ ਉੱਘੀਆਂ ਪੁਜੀਸ਼ਨਾਂ ਤੇ ਰਿਹਾ।

ਮਨਸੂਰ ਨੂੰ ਕੋਈ ਲਾਲਸਾ ਨਹੀਂ ਸੀ, ਇਨਕਲਾਬੀ ਰਵਾਇਤਾਂ ਤੋਂ ਸਿਵਾ ਉਸ ਨੂੰ ਕੋਈ ਚੀਜ਼ ਜਮ੍ਹਾਂ ਕਰਨ ਦੀ ਆਦਮ ਨਹੀਂ ਸੀ, ਉਸ ਦੀ ਜਾਇਦਾਦ ਇਕ ਬੈਗ ਤੇ ਗਲ ਦੇ ਕੱਪੜੇ ਸਨ। ਕਮਿਊਨਿਸਟ ਕਾਰਕੁਨਾਂ ਨੂੰ ਉਹਨਾਂ ਦਿਨਾਂ ਵਿੱਚ ਉਹ ਸਹੂਲਤਾਂ ਨਹੀਂ ਸਨ, ਜੋ ਅੱਜ ਹਾਸਲ ਹਨ। 1938 ਵਿੱਚ ਅਸਾਂ ਸਹਾਰਨਪੁਰ ਤੋਂ 'ਚਿੰਗਾਰੀ' ਨਾਮੀ ਮਹਾਵਾਰੀ ਰਸਾਲਾ ਕੱਢਿਆ। ਉਸ ਨੂੰ ਚਲਾਉਣ ਦੀ ਜ਼ਿੰਮੇਵਾਰੀ ਪਹਿਲਾਂ ਮੇਰੇ ਤੇ ਮਨਸੂਰ ਤੇ ਜ਼ਿੰਮੇ ਲੱਗੀ, ਫਿਰ ਕਾਮਰੇਡ ਇਕਬਾਲ ਸਿੰਘ ਨੇ ਜਲਾਵਤਨ ਹੋ ਕੇ ਬਹੁਤਾ ਕੰਮ ਸੰਭਾਲ ਲਿਆ। ਮੈਂ ਤੇ ਮਨਸੂਰ 6 ਮਹੀਨੇ ਇਕੱਠੇ ਰਹੇ। 10 ਰੁਪਏ ਮਹੀਨਾ ਸਾਨੂੰ ਵੇਜ ਮਿਲਦੀ ਸੀ, ਉਹ ਵੀ ਬਾਕਾਇਦਗੀ ਨਾਲ ਨਹੀਂ।ਮਨਸੂਰ ਨੂੰ ਸਿਗਰਟਾਂ ਦੀ ਬਹੁਤ ਆਦਤ ਸੀ, ਖਰਚ ਪੂਰਾ ਨਹੀਂ ਹੁੰਦਾ ਸੀ। ਅਸੀਂ ਲਗਾਤਾਰ ਡੇਢ ਮੀਲ ਚਾਹ ਦੀ ਗਰਜ ਨਾਲ ਗੁਰਦੁਆਰੇ ਜਾਇਆ ਕਰਦੇ ਸਾਂ। ਕਿਉਂਕਿ ਸਾਡੇ ਪਾਸ ਸੁਕੀ ਚਾਹ ਪੀਣ ਵਾਸਤੇ ਵੀ ਪੈਸੇ ਨਹੀਂ ਸੀ ਹੁੰਦੇ। ਕਾਮਰੇਡ ਮਨਸੂਰ ਨੇ ਤਾਂ ਆਪਣੀ ਮੌਤ ਤੱਕ ਇਸ ਕਿਸਮ ਦੀਆਂ ਕਠਿਨਾਈਆਂ ਦੇ ਦਿਨ ਕੱਟੇ ਸਨ। ਹੁਣ ਵੀ ਜਦੋਂ ਪਾਕਿਸਤਾਨ ਵਿੱਚ ਕਮਿਊਨਿਸਟ ਪਾਰਟੀ ਖਿਲਾਫ਼ ਕਾਨੂੰਨ ਕਰਾਰ ਦਿੱਤੀ ਸੀ, ਉਹ ਇੱਕ ਮਿੱਤਰ ਪਾਸ ਟਿੱਕਦਾ ਸੀ ਤੇ ਸਿਰਫ਼ ਰੋਟੀ ਦਾ ਗਾਹਕ ਸੀ। ਪਰ ਇਨ੍ਹਾਂ ਹਾਲਤਾਂ ਵਿੱਚ ਵੀ ਮੈਂ ਉਸ ਨੂੰ ਨਾ ਘਬਰਾਹਟ ਵਿੱਚ ਵੇਖਿਆ ਅਤੇ ਨਾ ਹੀ ਪਰੇਸ਼ਾਨੀ ਵਿੱਚ। ਜਿਤਨਾ ਉਸ ਨੂੰ ਕਮਿਊਨਿਜ਼ਮ ਦੀ ਆਤਮ ਫਤੇਹ ਵਿੱਚ ਯਕੀਨ ਸੀ ਉਤਨਾ ਹੀ ਉਨ੍ਹਾਂ ਕਠਿਨਾਈਆਂ ਤੇ ਮੁਸੀਬਤਾਂ ਦਾ ਪਤਾ ਸੀ ਜੋ ਉਦੇਸ਼ ਪੂਰਤੀ ਲਈ ਸਹਾਰਨੀਆਂ ਪੈਂਦੀਆਂ ਹਨ। ਉਸ ਨੂੰ ਇਹ ਤਾਂਘ ਜ਼ਰੂਰ ਸੀ ਕਿ ਮੰਜ਼ਲ ਤੇ ਪੁਜਣ ਲਈ ਉਹ ਆਪਣਾ ਪੂਰਾ ਹਿਸਾ ਪਾ ਸਕੇ।

26-27 ਜੂਨ 1940 ਈ: ਦੀਰਾਤ ਨੂੰ ਉਹ ਦੂਸਰੇ ਬਹੁਤ ਸਾਰੇ ਕਮਿਊਨਿਸਟ ਆਗੂਆਂ ਨਾਲ ਡੀਫੈਂਸ ਆਫ਼ ਇੰਡੀਆ ਐਕਟ ਹੇਠ ਫੜਿਆ ਗਿਆ। ਮਿੰਟਗੁਮਰੀ, ਰਾਜਨਪੁਰ, ਮੁਜ਼ੱਫਰਗੜ੍ਹ ਆਦਿ ਪੰਜਾਬ ਦੀਆਂ ਜੇਲ੍ਹਾਂ ਘੁੰਮ ਕੇ ਉਹਨੂੰ ਦਿਓਲੀ ਨਜ਼ਰ-ਬੰਦੀ ਕੈਂਪ ਵਿੱਚ ਦੂਸਰੇ ਸਾਥੀਆਂ ਨਾਲ ਲੈ ਜਾਇਆ ਗਿਆ। ਪੰਜਾਬ ਦੇ ਸਾਰੇ ਸਾਥੀ ਉੱਥੇ ਇਕੱਠੇ ਸਨ, ਸਾਲ ਪਿੱਛੋਂ ਮੈਂ ਤੇ ਹੋਰ ਸਾਥੀ ਵੀ ਉੱਥੇ ਚਲੇ ਗਏ। ਮਨਸੂਰ ਉੱਥੇ ਕਿਤਾਬਾਂ ਦਾ ਕੀੜਾ ਸਮਝਿਆ ਜਾਂਦਾ ਸੀ। ਕਿਤਾਬਾਂ ਤੋਂ ਬਿਨ੍ਹਾਂ ਉਸ ਨੂੰ ਕਿਸੇ ਹੋਰ ਚੀਜ਼ ਵਿੱਚ ਦਿਲਚਸਪੀ ਨਹੀਂ ਸੀ। ਦਿਓਲੀ ਜੇਲ੍ਹ ਵਿੱਚ ਸਾਨੂੰ ਲੰਬੀ ਭੁਖ ਹੜਤਾਲ ਕਰਨੀ ਪਈ, ਕਮਜ਼ੋਰਾਂ ਨੂੰ ਹਸਪਤਾਲ ਪੁਚਾ ਦਿੱਤਾ ਜਾਂਦਾ ਸੀ, ਮੈਂ ਤੇ ਮਨਸੂਰ ਸਾਰੀ ਭੁਖ ਹੜਤਾਲ ਹਸਪਤਾਲ ਵਿੱਚ ਹੀ ਰਹੇ। ਸਾਡੇ ਮੰਜੇ ਲਾਗੋ-ਲਾਗੀ ਸਨ- ਜਿਸ ਦ੍ਰਿੜਤਾ ਨਾਲ ਉਸ ਨੇ ਭੁਖ ਹੜਤਾਲ ਕੱਟੀ, ਇਹ ਬੜੀ ਉਤਸ਼ਾਹ ਜਨਕ ਗੱਲ ਹੈ।

1-ਮਈ, 1942 ਨੂੰ ਉਸ ਨੂੰ ਦੂਸਰੇ ਲੀਡਰਾਂ ਨਾਲ ਗੁਜਰਾਤ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਉਹ ਸੂਬਾ ਕਮੇਟੀ ਦੇ ਮੈਂਬਰ ਦੀ ਹੈਸੀਅਤ ਵਿੱਚ ਉਰਦੂ 'ਜੰਗੇ ਆਜ਼ਾਦੀ' ਦਾ ਐਡੀਟਰ ਬਣ ਗਿਆ।

ਕਾਮਰੇਡ ਮਨਸੂਰ ਕੇਵਲ ਲਿਖਾਰੀ ਹੀ ਨਹੀਂ ਸੀ ਸਗੋਂ ਆਰਗੇਨਾਈਜ਼ਰ ਵੀ ਸੀ, 1944 ਵਿੱਚ ਉਸ ਨੂੰ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਆਰਗੇਨਾਈਜ਼ਰ ਮੁੱਕਰਰ ਕੀਤਾ ਗਿਆ। ਉਸ ਨੇ ਪਹਿਲਾਂ ਜਾ ਕੇ ਜ਼ਿਲ੍ਹੇ ਦੀ ਸਾਰੀ ਆਰਥਿਕ ਤੇ ਸਿਆਸੀ ਜ਼ਿੰਦਗੀ ਦੀ ਖੋਜ ਕੀਤੀ ਅਤੇ ਫੇਰ ਪਾਰਟੀ ਵਾਸਤੇ ਕੰਮ ਤੈਅ ਕੀਤੇ। ਉਸ ਦੀ ਇਹ ਰਿਪੋਰਟ ਦੂਸਰੇ ਜ਼ਿਲ੍ਹਿਆਂ ਵਿੱਚ ਕੰਮ ਚਲਾਉਣ ਲਈ ਇਕ ਨਮੂਨਾ ਪੇਸ਼ ਕਰਦੀ ਸੀ।

ਉਹ ਇੱਕ ਤਕੜਾ ਖ਼ੋਜੀ ਸੀ, ਉਸ ਨੇ ਪੰਜਾਬ ਦੇ ਜ਼ਰਈ ਸੰਬੰਧਾਂ ਤੇ ਕਿਸਾਨੀ ਮਸਲੇ ਦੀ ਬੜੀ ਖੋਜ ਕੀਤੀ। ਇਸ ਖੋਜ ਦੇ ਸਿੱਟੇ ਪੰਜਾਬ ਦੀ ਵੰਡ ਤੋਂ ਬਾਅਦ ਹੀ ਪ੍ਰਕਾਸ਼ਤ ਹੋ ਸਕੇ। ਪੰਜਾਬ ਦੇ ਜ਼ਰਈ ਮਸਲੇ ਦੀ ਖੋਜ ਦਾ ਸ਼ਾਇਦ ਇਹ ਪਹਿਲਾ ਮਾਰਕਸੀ ਯਤਨ ਸੀ।

ਉਸ ਨੇ ਕੇਵਲ ਅਖਬਾਰਾਂ ਦੇ ਜ਼ਰੀਏ ਹੀ ਕਮਿਊਨਿਸਟ ਵਿਚਾਰਾਂ ਦਾ ਪ੍ਰਚਾਰ ਨਹੀਂ ਕੀਤਾ ਸਗੋਂ ਬਹੁਤ ਸਾਰੇ ਸਿਆਸੀ ਤੇ ਸਿਧਾਂਤਕ ਪੈਂਫਲਟ ਵੀ ਲਿਖੇ। ਉਹ ਅਰਬੀ, ਫਾਰਸੀ, ਉਰਦੂ, ਅੰਗਰੇਜ਼ੀ ਚਾਰ ਜ਼ਬਾਨਾਂ ਚੰਗੀ ਤਰ੍ਹਾਂ ਜਾਣਦਾ ਸੀ। ਉਸ ਦਾ ਉਰਦੂ ਬੜਾ ਸੁਖੈਲ ਸੀ ਅਤੇ ਹਰ ਇੱਕ ਉਸ ਨੂੰ ਸਮਝ ਸਕਦਾ ਸੀ। ਉਹਦੀ ਕਟਾਖਨੀ ਲੇਖਣੀ ਤੋਂ ਵਿਰੁਧੀ ਬੜੇ ਘਬਰਾਉਂਦੇ ਸਨ।

ਕਾਮਰੇਡ ਮਨਸੂਰ ਕਮਿਊਨਿਸਟ ਪਾਰਟੀ ਦਾ ਇੱਕ ਵਫ਼ਾਦਾਰ ਸਿਪਾਹੀ ਸੀ, ਜਿਸ ਨੂੰ ਨਾ ਤਾਂ ਪਾਰਟੀ ਤੋਂ ਬਾਹਰ ਕੁਝ ਸੁਝਦਾ ਸੀ ਅਤੇ ਨਾ ਹੀ ਉਹ ਪਾਰਟੀ ਦੇ ਬਗੈਰ ਸੋਚਦਾ ਸੀ। ਉਸ ਵਿੱਚ ਨਾ ਘਮੰਡ ਸੀ ਅਤੇ ਨਾ ਹੀ ਲੀਡਰੀ ਦੀ ਭੁੱਖ। ਉਹ ਝਗੜਾਲੂ ਨਹੀਂ ਸੀ। ਉਸ ਦੀ ਦੀ ਇੱਕੋ ਖਾਹਸ਼ ਸੀ ਕਿ ਪਾਰਟੀ ਉਸ ਦੀ ਪੂਰੀ ਸੇਵਾ ਲੈ ਸਕੇ।

ਜਦੋਂ ਅਸੀਂ ਜੁਲਾਈ, 1947 ਦੇ ਫ਼ਸਾਦਾਂ ਦਾ ਮੁਕਾਬਲਾ ਕਰਨ ਵਾਸਤੇ ਲਾਹੌਰੋਂ ਵਿਛੜੇ ਸੀ ਤਾਂ ਸਾਡਾ ਖਿਆਲ ਨਹੀਂ ਸੀ ਕਿ ਸਾਮਰਾਜੀ ਸਾਜਸ਼ ਇਹ ਹਾਲਾਤ ਪੈਦਾ ਕਰ ਦੇਵੇਗੀ, ਕਿ ਅਸੀਂ ਇਕ ਦੂਸਰੇ ਨੂੰ ਮੁੜ ਮਿਲ ਵੀ ਨਹੀਂ ਸਕਾਂਗੇ। 1947 ਤੋਂ ਬਾਅਦ ਮਿਲਨ ਦੀ ਤਾਂਘ ਸਦਾ ਰਹੀ। ਮਨਸੂਰ ਪੱਛਮੀ ਪੰਜਾਬ ਦੀ ਕਮਿਊਨਿਸਟ ਪਾਰਟੀ ਦਾ ਸੈਕਟਰੀ ਬਣ ਗਿਆ।

ਮਾਰਚ 1951 ਨੂੰ ਜਦੋਂ ਪਾਕਿਸਤਾਨ ਦੀ ਸਰਕਾਰ ਨੇ ਜਮਹੂਰੀ ਲਹਿਰ ਤੇ ਹਮਲਾ ਤੇਜ਼ ਕਰ ਕੀਤਾ ਤਾਂ ਹੋਰ ਸਾਥੀਆਂ ਨਾਲ ਮਨਸੂਰ ਨੂੰ ਵੀ ਜੇਲ੍ਹ ਡੱਕ ਦਿੱਤਾ ਗਿਆ। ਡੇਢ ਸਾਲ ਪਿੱਛੋਂ ਉਹ ਰਿਹਾਅ ਹੋ ਕੇ ਪਾਕਿਸਤਾਨ ਕਮਿਊਨਿਸਟ ਪਾਰਟੀ ਦਾ ਐਕਟਿੰਗ ਜਨਰਲ ਸੈਕਟਰੀ ਬਣ ਗਿਆ। ਉਸ ਨੇ ਪਾਰਟੀ ਨੂੰ ਮੁੜ ਜੱਥੇਬੰਦ ਕਰਨ ਦੇ ਯਤਨ ਕੀਤੇ, ,ਪਰ ਹਾਕਮਾਂ ਨੇ ਛੇਤੀ ਹੀ ਉਸ ਨੂੰ ਫੇਰ ਸੀਖਾਂ ਪਿੱਛੇ ਬੰਦ ਕਰ ਦਿੱਤਾ ਅਤੇ 1955 ਦੇ ਸ਼ੁਰੂ ਵਿੱਚ ਰਿਹਾਅ ਕੀਤਾ।

ਪੱਛਮੀ ਪਾਕਿਸਤਾਨ ਵਿੱਚ ਜਮਹੂਰੀ ਲਹਿਰ ਕਮਜ਼ੋਰ ਹੋਣ ਕਰਕੇ ਲੜਾਈ ਬਹੁਤ ਕਰੜੀ ਸੀ। ਮਨਸੂਰ ਨੂੰ ਦੂਸਰੇ ਸਾਥੀਆਂ ਨਾਲ ਫੇਰ ਮੁਸੀਬਤਾਂ ਤੇ ਤਸੀਹਾਂ ਦਾ ਸਾਹ-ਮਣਾ ਕਰਨਾ ਪਿਆ। ਪਾਕਿਸਤਾਨ ਦੇ ਹਾਕਮਾਂ ਨੇ ਕਈ ਵਾਰ ਉਸ ਨੂੰ ਜੇਲ੍ਹ ਪਾਇਆ।

8 ਅਪ੍ਰੈਲ 1955 ਵਿੱਚ ਜਦੋਂ ਉਹ ਜਲੰਧਰ ਆਇਆ ਤਾਂ ਸਾਰੇ ਸਾਥੀਆਂ ਨੂੰ ਚਾਅ ਚੜ੍ਹ ਗਿਆ ਸੀ। ਉਸ ਨੇ ਉਹ ਸਾਰੇ ਹਾਲਾਤ ਦੱਸੇ, ਜਿਨ੍ਹਾਂ ਵਿੱਚ ਪੱਛਮੀ ਪਾਕਿ-ਸਤਾਨ ਦੇ ਕਮਿਊਨਿਸਟਾਂ ਨੂੰ ਕੰਮ ਕਰਨਾ ਪਿਆ। ਉਹਨਾਂ ਦੀ ਮੰਜ਼ਿਲ ਸਾਥੋਂ ਦੂਰ ਨਜ਼ਰ ਆਉਂਦੀ ਸੀ, ਪਰ ਮਨਸੂਰ ਦੇ ਇਰਾਦੇ ਜਾਂ ਅਕੀਦੇ ਵਿੱਚ ਕੋਈ ਫ਼ਰਕ ਨਹੀਂ ਸੀ। ਫਿਰ ਮੁਲਾਕਾਤਾਂ ਦੇ ਵਾਅਦੇ ਇਕਰਾਰ ਹੋਏ ਪਰ ਉਹ ਇਹ ਤਾਂਘ ਨਾਲ ਲੈ ਕੇ ਹੀ ਚਲਾ ਗਿਆ। ਹਾਂ ਉਸ ਦੀ ਯਾਦ ਜ਼ਰੂਰ ਸਦਾ ਤਾਜ਼ਾ ਰਹੇਗੀ।

ਧੰਨਵਾਦ ਸਹਿਤ ।
(ਲੇਖਕ ਹਰਕਿਸ਼ਨ ਸਿੰਘ ਸੁਰਜੀਤ)
919217997445
ਜਗਦੀਸ਼ ਸਿੰਘ ਚੋਹਕਾ


# ਜ਼ਰੂਰ ਜਾਣੋ; ਗਿਆਨ ਗੰਗਾ

**।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




**ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org**

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

**ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:**

satlokashramcanada@gmail.com
satsahibusa@gmail.com
**647-739-4641**
**346-714-0224**





**KAMAL SANDHU**
Sales Representative
**647.891.0143**



RE/MAX GOLD
realtorkamalsandhu@gmail.com
www.arearealtor.com


*Looking For a Nest..? Call the Best*




EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |





CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

KAMAL SANDHU RE/MAX GOLD REALTY INC BROKERAGE

# ਕੀ ਕਿਸਾਨ ਅੰਦੋਲਨ ਦਾ ਪ੍ਰਭਾਵ ਸੜਕਾਂ ਪੁਰ ਹੀ ਹੈ?



ਜਸਵੰਤ ਸਿੰਘ 'ਅਜੀਤ'

ਕਿਸਾਨੀ ਅੰਦੋਲਨ ਨਾਲ ਲਗਾਤਾਰ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਵਲੋਂ ਇਹ ਸੁਆਲ ਉਸ ਸਮੇਂ ਉਠਾਇਆ ਗਿਆ, ਜਦੋਂ ਰਾਜ ਦੇ ਕਿਸਾਨ ਨੇਤਾਵਾਂ ਵਲੋਂ ਹਰਿਆਣੇ ਦੇ ਵਿਧਾਇਕਾਂ ਪੁਰ ਇਹ ਦਬਾਉ ਬਣਾਏ ਜਾਣ ਦੇ ਬਾਵਜੂਦ, ਕਿ ਉਹ ਰਾਜ ਦੀ ਭਾਜਪਾ ਗਠਜੋੜ ਵਾਲੀ ਸਰਕਾਰ ਦਾ ਵਿਰੋਧ ਕਰ ਉਸਨੂੰ ਚਲਤਾ ਕਰਨ ਵਿੱਚ ਭੂਮਿਕਾ ਨਿਭਾਉਣ, ਕਿਉਂਕਿ ਭਾਜਪਾ ਕਿਸਾਨ ਵਿਰੋਧੀ ਪਾਰਟੀ ਹੈ, ਹਰਿਆਣਾ ਸਰਕਾਰ ਬੇਵਿਸਵਾਸੀ ਦੇ ਮਤੇ ਤੇ 33 ਦੇ ਮੁਕ-ਬਲੇ 55 ਮੱਤ ਹਾਸਲ ਕਰਕੇ ਆਪਣੀ ਜਿੱਤ ਦਰਜ ਕਰਵਾਣ ਵਿੱਚ ਸਫਲ ਹੋ ਜਾਂਦੀ ਹੈ। ਇਨ੍ਹਾਂ ਰਾਜਸੀ ਮਾਹਿਰਾਂ ਅਨੁਸਾਰ ਹਰਿਆਣਾ ਸਰਕਾਰ ਦਾ ਬੇਵਿਸਵਾਸੀ ਦੇ ਮੱਤੇ ਪੁਰ ਜਿੱਤ ਪ੍ਰਾਪਤ ਕਰ ਜਾਣ ਤੋਂ ਇਹ ਪ੍ਰਭਾਵ ਲਿਆ ਜਾਣਾ ਕੁਦਰਤੀ ਹੈ ਕਿ ਕੀ ਕਿਸਾਨਾਂ ਦੇ ਅੰਦੋਲਣ ਦਾ ਪ੍ਰਭਾਵ ਕੇਵਲ ਸੜਕਾਂ ਪੁਰ ਹੀ ਹੈ, ਰਾਜਨੈਤਿਕਾਂ ਜਾਂ ਆਮ ਲੋਕਾਂ ਪੁਰ ਬਿਲਕੁਲ ਨਹੀਂ ਹੈ?

ਇਨ੍ਹਾਂ ਰਾਜਸੀ ਮਾਹਿਰਾਂ ਅਨੁਸਾਰ ਹਰਿਆਣੇ ਦੇ ਕਿਸਾਨ ਨੇਤਾਵਾਂ ਵਲੋਂ ਭਾਵੇਂ ਰਾਜ ਦੇ ਵਿਧਾਇਕਾਂ ਪੁਰ ਇਹ ਦਬਾਉ ਬਨਾਣ ਦੀ ਕੌਸ਼ਿਸ਼ ਕੀਤੀ ਗਈ ਸੀ ਕਿ ਉਹ ਕਿਸਾਨ-ਵਿਰੋਧੀ ਭਾਜਪਾ ਸਰਕਾਰ ਨੂੰ ਗਿਰਾਣ ਵਿੱਚ ਆਪਣੀ ਭੂਮਿਕਾ ਨਿਭਾਉਣ। ਪਰ ਉਹ ਆਪਣੇ ਇਸ ਉਦੇਸ਼ ਵਿੱਚ ਸਫਲ ਨਹੀਂ ਹੋ ਸਕੇ। ਜਿਸਤੋਂ ਇਹ ਸੁਆਲ ਉਠਦਾ ਹੈ ਕਿ ਕੀ ਸਚਮੁਚ ਕਿਸਾਨਾਂ ਦਾ ਪ੍ਰਭਾਵ ਕੇਵਲ ਸੜਕਾਂ ਪੁਰ ਹੀ ਹੈ। ਕਿਸਾਨ ਅੰਦੋਲਣ ਦਾ ਪ੍ਰਭਾਵ ਅਮਲੋਕਾਂ, ਸਰਕਾਰਾਂ ਜਾਂ ਵਿਧਾਇਕਾਂ \ ਸਾਂਸਦਾਂ ਪੁਰ ਬਿਲਕੁਲ ਹੀ ਨਹੀਂ? ਇਨ੍ਹਾਂ ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਵਿਧਾਇਕਾਂ ਦੇ ਦਿਲਾਂ ਵਿੱਚ ਇਹ ਡਰ ਬੈਠ ਗਿਆ ਹੋਇਆ ਹੈ ਕਿ ਸਰਕਾਰ ਦੇ ਡਿਗਣ ਨਾਲ ਉਨ੍ਹਾਂ ਦੀ ਵਿਧਾਇਕੀ ਵੀ ਜਾਂਦੀ ਰਹੇਗੀ। ਕਿਸਾਨੀ ਅੰਦੋਲਣ ਦੇ ਚਲਦਿਆਂ ਕਿਸਾਨਾਂ ਅਤੇ ਆਮ ਲੋਕਾਂ ਵਿੱਚ ਸਰਕਾਰ ਅਤੇ ਉਨ੍ਹਾਂ ਵਿਰੁਧ ਜੋ ਰੋਹ ਪੈਦਾ ਹੋਇਆ ਹੈ, ਉਸਦੇ ਚਲਦਿਆਂ ਉਹ ਦੁਬਾਰਾ ਵਿਧਾਇਕ ਨਹੀਂ ਬਣ ਸਕਣਗੇ। ਜਿਸਦਾ ਨਤੀਜਾ ਇਹ ਹੋਵੇਗਾ ਕਿ ਉਨ੍ਹਾਂ ਦਾ ਸਰਕਾਰ ਦਾ ਹਿਸਾ ਬਣ ਪਾਣਾ ਵੀ ਸੰਭਵ ਨਹੀਂ ਰਹਿ ਜਾਇਗਾ।

ਕਿਸਾਨ ਅੰਦੋਲਣ ਚੌਥੇ ਮਹੀਨੇ ਵਿੱਚ: ਭਾਰਤੀ ਕਿਸਾਨਾਂ ਦਾ ਅੰਦੋਲਣ ਚੌਥੇ ਮਹੀਨੇ ਨੂੰ ਵੀ ਪਾਰ ਕਰ ਜਾਣ ਵਲ ਵੱਧ ਰਿਹਾ ਹੈ। ਇਤਨਾ ਲੰਬਾ ਸਮਾਂ ਉਸਦੇ ਸ਼ਾਂਤੀ-ਪੂਰਣ ਚਲਦਿਆਂ ਰਹਿਣ ਦੇ ਕਾਰਣ, ਉਸਦੇ ਅਗੂਆਂ ਨੂੰ ਸੰਸਾਰ ਭਰ ਦਾ ਸਮਰਥਨ ਮਿਲਣ ਲਗ ਪਿਆ ਹੈ, ਭਾਵੇਂ ਬਾਂਰਤ ਸਰਕਾਰ ਸੰਸਾਰ ਭਰ ਦੇ ਮਿਲ ਰਹੇ ਸਮਰਥਨ ਨੂੰ ਇਹ ਕਹਿ ਨਕਾਰਦੀ ਚਲੀ ਆ ਰਹੀ ਹੈ ਕਿ ਭਾਰਤੀ ਕਿਸਾਨਾਂ ਦਾ ਮਾਮਲਾ ਭਾਰਤ ਦਾ ਅੰਦਰੂਨੀ ਮਾਮਲਾ ਹੈ, ਇਸ ਵਿੱਚ ਕਿਸੇ ਵੀ ਬਾਹਰਲੇ ਦਖਲ ਨੂੰ ਉਹ ਨਹੀਂ ਸਵੀਕਾਰਦੀ, ਪਰ ਇਹ ਗਲ ਚਿਟੇ ਦਿਨ ਵਾਂਗ ਸਾਫ ਹੈ ਕਿ ਸੰਸਾਰ ਵਿੱਚ ਉਸ ਪ੍ਰਤੀ ਹਮਦਰਦੀ ਪੈਦਾ ਹੋ ਰਹੀ ਹੈ ਤੇ ਦੋ ਸੌ ਤੋਂ ਵੱਧ ਕਿਸਾਨਾਂ ਦੇ ਮਾਰੇ ਜਾਣ ਤੇ ਵੀ ਉਸ ਵਲੋਂ ਨਿਸ਼ਠੁਰਤਾ ਧਾਰੀ ਰਖਣ ਨੂੰ ਪਸੰਦ ਨਹੀਂ ਕੀਤਾ ਜਾ ਰਿਹਾ, ਸਗੋਂ ਉ ਸਪੁਰ ਵੀ ਸੁਆਲ ਉਠਣੇ ਸ਼ੁਰੂ ਹੋ ਗਏ ਹੋਏ ਹਨ। ਇਸ ਸਭ ਕੁਝ ਦੇ ਬਾਵਜੁਦ ਕੇਂਦਰੀ ਸਰਕਾਰ ਇਹ ਪ੍ਰਭਾਵ ਦੇਣ ਦੀ ਕੌਸ਼ਿਸ਼ ਕਰ ਰਹੀ ਹੈ ਕਿ ਇਹ ਅੰਦੋਲਣ ਭਾਵੇਂ ਕਿਤਨਾ ਹੀ ਲੰਬਾ ਚਲੇ ਉਸਦੀ ਸਿਹਤ ਪੁਰ ਕੋਈ ਅਸਰ ਹੋਣ ਵਾਲਾ ਨਹੀਂ।

ਆਰਥਕਤਾ ਪੁਰ ਪ੍ਰਭਾਵ: ਇੱਕ ਗਲ ਤਾਂ ਸਵੀਕਾਰ ਕਰਨੀ ਹੀ ਪਵੇਗੀ ਕਿ ਭਾਵੇਂ ਸਰਕਾਰ ਸਵੀਕਾਰ ਕਰੇ ਜਾਂ ਨਾਂਹ, ਸੱਚਾਈ ਇਹ ਹੀ ਹੈ ਕਿ ਜਿਤਨਾ ਲੰਬਾ ਇਹ ਅੰਦੋਲਣ ਚਲਦਾ ਜਾਇਗਾ, ਉਤਨੀ ਹੀ ਦੇਸ਼ ਦੀ ਆਰਥਕ ਸਥਿਤੀ ਵੀ ਪ੍ਰਭਾਵਤ ਹੁੰਦੀ ਚਲੀ ਜਾਇਗੀ। ਇਹ ਗਲ ਵਖਰੀ ਹੈ ਇਸਦਾ ਅਸਰ ਦੇਸ਼ ਦੇ ਦੂਜੇ ਹਿਸਿਆਂ ਪੁਰ ਘਟ ਤੇ ਪੰਜਾਬ ਪੁਰ ਸਭ ਤੋਂ ਵੱਧ ਪੈ ਰਿਹਾ ਹੈ। ਜਸਟਿਸ ਆਰਐਸ ਸੋਢੀ ਦਾ ਕਹਿਣਾ ਹੈ ਕਿ ਇੱਕ ਤਾਂ ਲੱਖਾਂ ਕਿਸਾਨਾਂ ਦੇ ਅੰਦੋਲਣ ਦਾ ਹਿਸਾ ਬਣ ਦਿੱਲੀ ਦੇ ਬਾਰਡਰ ਪੁਰ ਜਮਾਈ ਬੈਠੇ ਰਹਿਣ ਕਾਰਣ ਉਪਜ ਪ੍ਰਭਾਵਤ ਹੋ ਰਹੀ ਹੈ। ਇਸ ਵਿੱਚ ਕਪਈ ਸ਼ਕ ਨਹੀਂ ਕਿ ਕਿਸਾਨਾਂ ਵਲੋਂ ਇਸ ਸਥਿਤੀ ਦਾ ਸਾਹਮਣਾ ਕਰਨ ਲਈ, ਅੰਦੋਲਣ-ਅਸਥਾਨ ਤੋਂ ਕਿਸਾਨਾਂ ਨੂੰ ਖੇਤੀ ਦੀ ਸਾਂਭ-ਸੰਭਾਲ ਲਈ ਵਾਰੋ-ਵਾਰੀ ਵਾਪਸ ਭੇਜਿਆ ਜਾ ਰਿਹਾ ਹੈ, ਫਿਰ ਵੀ ਕਿਸਾਨਾਂ ਨੂੰ ਸਮੁਚੇ ਰੂਪ ਵਿੱਚ ਆਪੋ-ਆਪਣੇ ਖੇਤਾਂ ਪੁਰ ਮੌਜੂਦ ਰਹਿ ਕੇ ਜਿਤਨੀ ਸਾਂਭ-ਸੰਭਾਲ ਹੋ ਸਕਦੀ ਹੈ, ਉਤਨੀ ਕੁਝ-ਕੁ ਕਿਸਾਨਾਂ ਦੀ ਮੌਜੂਦਗੀ ਨਾਲ ਨਹੀਂ ਹੋ ਸਕਦੀ। ਇਸਦੇ ਨਾਲ ਹੀ ਜਸਟਿਸ ਸੋਢੀ ਦਾ ਕਹਿਣਾ ਹੈ ਕਿ ਇਸ ਮੋਰਚੇ ਕਾਰਣ ਵਪਾਰ ਦੇ ਦੂਜੇ ਅੰਗ ਵੀ ਪ੍ਰਭਾਵਤ ਹੋ ਰਹੇ ਹਨ। ਕਿਉਂਕਿ ਅੰਦੋਲਣ ਦੇ ਹਾਲਾਤ ਵਿੱਚ ਨਾ ਬਾਜ਼ਾਰ ਵਿੱਚ ਲੋੜੀਂਦਾ ਗ੍ਰਾਹਕ ਹੈ ਤੇ ਨਾ ਹੀ ਵਸਤਾਂ। ਕਿਸਾਨ ਦੀ ਉਪਜ ਨੂੰ ਵੀ ਉਤਨਾ ਮੁਲ ਨਹੀਂ ਮਿਲ ਪਾ ਰਿਹਾ, ਜਿਤਨਾਂ ਉਸਨੂੰ ਉਪਜਾਣ ਪੁਰ ਖਰਚ ਹੋ ਰਿਹਾ ਹੈ। ਉਨ੍ਹਾਂ ਦਸਿਆ ਕਿ ਪੰਜਾਬ ਸਰਕਾਰ ਨੂੰ ਵੀ ਸ਼ਿਕਾਇਤ ਹੈ ਕਿ ਕੇਂਦਰ ਸਰਕਾਰ ਉਸਨੂੰ ਪੰਜਾਬ ਵਿਚੋਂ ਉਗਰਾਹੇ ਜਾ ਰਹੇ ਟੈਕਸਾਂ ਵਿਚੋਂ ਉਸਦਾ ਬਣਦਾ ਹਿਸਾ ਵੀ ਨਹੀਂ ਦੇ ਰਹੀ, ਜਿਸਤੋਂ ਸ਼ੰਕਾ ਪੈਦਾ ਹੁੰਦੀ ਹੈ ਕਿ ਕੇਂਦਰ ਸਰਕਾਰ ਵੀ ਪੰਜਾਬ ਦਾ ਆਰਥਕ ਸੰਕਟ ਵਧਾਣ ਵਿੱਚ ਆਪਣੇ ਤੋਰ ਤੇ ਆਪਣੀ ਭੂਮਿਕਾ ਨਿਭਾ ਰਹੀ ਹੈ।

ਗਲ ਗੁਰਦੁਆਰਾ ਗਿਆਨ ਗੋਦੜੀ ਦੀ - ਇਤਿਹਾਸ : 'ਗੁਰਦੁਆਰਾ ਗਿਆਨ ਗੋਦੜੀ' ਉਹ ਇਤਿਹਾਸਕ ਅਸਥਾਨ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਹਰਿਦੁਆਰ ਪੁਜ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਫੈਲੇ ਹਨੇਰੇ ਨੂੰ ਦੂਰ ਕਰਨ ਲਈ 'ਗਿਆਨ ਦਾ ਪ੍ਰਕਾਸ਼' ਕੀਤਾ ਸੀ। ਗੁਰੂ ਸਾਹਿਬ ਦੀ ਇਸ ਹਰਿਦੁਆਰ ਯਾਤਰਾ ਦੀ ਯਾਦ ਵਿੱਚ ਗੰਗਾ ਕਿਨਾਰੇ ਹਰਿ ਕੀ ਪੌੜੀ ਦੇ ਸਥਾਨ 'ਤੇ ਇਤਿਹਾਸਕ, ਗੁਰਦੁਆਰਾ ਗਿਆਨ ਗੋਦੜੀ ਸਥਾਪਤ ਕੀਤਾ ਗਿਆ ਹੋਇਆ ਸੀ, ਜਿਸਨੂੰ 1979 ਵਿੱਚ ਵਾਪਰੇ ਦੁਖਾਂਤ ਤੋਂ ਬਾਅਦ ਢਾਹ ਦਿੱਤਾ ਗਿਆ। ਦਸਿਆ ਗਿਆ ਹੈ ਕਿ ਇਸ ਸਮੇਂ ਇਸ ਅਸਥਾਨ ਪੁਰ 'ਉਤਰਾਂਚਲ ਭਾਰਤੀ ਸਕਾਊਟਸ' ਵਲੋਂ ਸੰਚਲਿਤ ਸੇਵਾ ਕੇਂਦ੍ਰ ਸਥਾਪਤ ਹੈ। ਗੁਰਦੁਆਰਾ ਗਿਆਨ ਗੋਦੜੀ ਦੇ ਹਰਿ ਕੀ ਪੌੜੀ ਪੁਰ ਸਥਾਪਤ ਹੋਣ ਦੀ ਗੁਆਹੀ ਨਾ ਕੇਵਲ ਹਰਿਦੁਆਰ ਦੀ ਪੁਰਾਣੀ ਪੀੜੀ ਦੇ ਲੋਕੀ ਹੀ ਭਰਦੇ ਹਨ, ਸਗੋਂ 'ਹਰਿ ਕੀ ਪੌੜੀ' ਪੁਰ ਆਸ-ਪਾਸ ਸਥਿਤ ਹੋਰ ਧਰਮ ਅਸਥਾਨਾਂ ਦੇ ਮੁਖੀ ਵੀ ਇਸਦੀ ਗੁਆਹੀ ਭਰਦੇ ਹਨ। ਇਹੀ ਨਹੀਂ, ਗਲਬਾਤ ਦੌਰਾਨ ਉਹ ਇਹ ਇੱਛਾ ਵੀ ਪ੍ਰਗਟ ਕਰਦੇ ਹਨ ਕਿ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਮੁੜ ਇਸੇ ਸਥਾਨ 'ਤੇ ਹੀ ਹੋਣੀ ਚਾਹੀਦੀ ਹੈ ਤਾਂ ਜੋ ਉਸੇ ਸਥਾਨ ਤੋਂ ਗੁਰੂ ਸਾਹਿਬ ਵਲੋਂ ਜਗਾਈ 'ਗਿਆਨ ਦੇ ਪ੍ਰਕਾਸ਼ ਦੀ ਜੋਤਿ' ਦੀ ਰੋਸ਼ਨੀ ਦੂਰ-ਦੂਰ ਤਕ ਫੈਲ ਸਕੇ।

ਕੌਮੀ ਘਟ ਗਿਣਤੀ ਕਮਸ਼ਿਨ : ਮਿਲੀ ਜਾਣਕਾਰੀ ਅਨੁਸਾਰ ਮੂਲ ਸਥਾਨ ਪੁਰ ਹੀ 'ਗੁਰਦੁਆਰਾ ਗਿਆਨ ਗੋਦੜੀ' ਸਥਾਪਤ ਕਰਾਣ ਵਿੱਚ ਆਪਣਾ ਸਹਿਯੋਗ ਕਰਨ ਦੇ ਉਦੇਸ਼ ਨਾਲ ਕੌਮੀ ਘਟ ਗਿਣਤੀ ਕਮਸ਼ਿਨ ਨੇ ਵੀ ਸੰਬੰਧਤ ਅਧਿਕਾਰੀਆਂ ਤਕ ਪਹੁੰਚ ਕੀਤੀ ਸੀ। ਪ੍ਰੰਤੂ ਹਰਿਦੁਆਰ ਦੇ ਜ਼ਿਲਾ ਜੱਜ ਨੇ ਇਹ ਕਹਿੰਦਿਆਂ ਉਸਦੀ ਮੰਗ ਨਾਮੰਨਜ਼ੂਰ ਕਰ ਦਿਤੀ ਕਿ ਸੰਬੰਧਤ ਸਥਾਨ 'ਤੇ ਮੁੜ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਕੀਤਾ ਜਾਣਾ ਸੰਭਵ ਨਹੀਂ। ਇਹ ਵੀ ਦਸਿਆ ਗਿਆ ਹੈ ਕਿ ਗੁਰ-ਦੁਆਰਾ ਸਾਹਿਬ ਦੀ ਸਥਾਪਨਾ ਲਈ ਗੰਗਾ ਕਿਨਾਰੇ ਹੀ ਕੋਈ ਹੋਰ ਜਗ੍ਹਾ ਅਲਾਟ ਕਰ ਦਿੱਤੇ ਜਾਣ ਦੀ ਗਲ ਵੀ ਹੋਈ ਸੀ। ਪਰ ਸੁਆਲ ਉਠਦਾ ਹੈ ਕਿ ਜੋ ਇਤਿਹਾ-ਸਕਤਾ ਮੂਲ ਸਥਾਨ ਨਾਲ ਜੁੜੀ ਹੋਈ ਹੈ, ਕੀ ਉਹੀ ਇਤਿਹਾਸਕਤਾ ਕਿਸੇ ਹੋਰ ਸਥਾਨ ਨਾਲ ਜੁੜ ਸਕਦੀ ਹੈ?

...ਅਤੇ ਅੰਤ ਵਿੱਚ : ਜਿਥੋਂ ਤਕ ਗੁਰਦੁਆਰਾ ਗਿਆਨ ਗੋਦੜੀ ਦੇ ਵਿਵਾਦ ਦਾ ਮਾਮਲਾ ਹੈ, ਉਸਨੂੰ ਇਹ ਮੰਨ ਕੇ ਚਲਣਾ ਹੋਵੇਗਾ ਕਿ ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ। ਇਸਦਾ ਹਲ ਧਮਕੀਆਂ ਨਾਲ ਸੰਭਵ ਨਹੀਂ ਹੋ ਸਕੇਗਾ। ਇਸਦੇ ਲਈ ਕੂਟਨੀਤਕ ਨੀਤੀ ਅਪਨਾਣੀ ਹੋਵੇਗੀ। ਇਸ ਮੁੱਦੇ ਨਾਲ ਸੰਬੰਧਤ ਚਲੇ ਆ ਰਹੇ ਅਧਿਕਾਰੀਆਂ ਨੂੰ ਸਮਝਾਣਾ ਹੋਵੇਗਾ ਕਿ ਗੁਰਦੁਆਰੇ ਦੇ ਮੂਲ ਸਥਾਨ, ਜੋ ਕਿ ਸਿੱਖਾਂ ਲਈ ਇਤਿਹਾਸਕ ਮਹਤੱਤਾ ਦਾ ਹੈ, ਦੇ ਨਾਲ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਸਦੇ ਚਲਦਿਆਂ ਉਹ ਇਸ ਗੁਰ-ਦੁਆਰੇ ਨੂੰ ਕਿਸੇ ਹੋਰ ਥਾਂ ਪੁਰ ਸਥਾਪਤ ਕਰਨ ਦੀ ਗਲ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰਨਗੇ, ਇਸਲਈ ਉਨ੍ਹਾਂ ਦੀਆਂ ਧਾਰਮਕ ਭਾਵਨਾਵਾਂ ਦਾ ਸਨਮਾਨ ਕਰਦਿਆਂ, ਮੂਲ ਥਾਂ ਹੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ।

# ਸਮਾਰਟ ਸਕੂਲਾਂ ਦੇ ਅੰਦਰ ਝਾਤ

-ਰਮੇਸ਼ਵਰ ਸਿੰਘ-

ਸਦਾ ਸਿੱਖਦੇ ਰਹਿਣ ਵਾਲਾ ਬੰਦਾ ਸਦਾ ਨਵਾਂ ਨਕੋਰ ਅਤੇ ਸਮੇਂ ਦਾ ਹਾਣੀ ਬਣਿਆ ਰਹਿੰਦਾ ਹੈ। ਸਿੱਖਣ ਦਾ ਕਾਰਜ ਮਾਂ ਦੀ ਗੋਦੀ ਤੋਂ ਪਿਓ ਦੇ ਮੋਢਿਆਂ ਉੱਤੋਂ ਗੁਜਰਦਾ ਹੋਇਆ ਘਰ ਦੇ ਵਿਹੜੇ ਤੋਂ ਬਾਅਦ ਗੁਆਂਢ, ਮੁਹੱਲੇ ਤੋਂ ਹੁੰਦਾ ਹੋਇਆ ਭਾਗਾਂ ਵਾਲਿਆਂ ਲਈ ਸਕੂਲ ਵਿੱਚ ਪਹੁੰਚ ਕੇ ਬਾ-ਦਸਤੂਰ ਚੱਲਦਾ ਹੈ। ਨਾਲੋਂ ਨਾਲ ਚੱਲਦਾ ਰਹਿੰਦਾ ਹੈ ਸਮਾਜ ਵਿੱਚ। ਸਕੂਲ ਅੰਦਰ ਨਿਸ਼ਚਿਤ, ਨਿਯਮਿਤ ਅਤੇ ਦੇਖਿਆ, ਪਰਖਿਆ ਸਿੱਖਣ ਕਾਰਜ ਅਗਾਂਹਵਧੂ ਹੁੰਦਾ ਹੈ ਜਦਕਿ ਸਮਾਜ ਵਿੱਚ ਹਮੇਸ਼ਾ ਅਗਾਂਹਵਧੂ ਹੋਵੇ ਜ਼ਰੂਰੀ ਨਹੀਂ ਕਈ ਵਾਰ ਪਿਛਾਂਹਖਿੱਚੂ ਵੀ ਵਰਤਾਰਾ ਵੇਖਣ ਨੂੰ ਮਿਲ ਜਾਂਦਾ ਹੈ।

ਸਕੂਲ ਕਿਉਂਕਿ ਸਹੀ ਦਿਸ਼ਾ ਵਿੱਚ ਸਥਾਪਿਤ ਉਦੇਸ਼ ਦੀ ਪ੍ਰਾਪਤੀ ਲਈ ਸਥਾਪਿਤ ਹੁੰਦਾ ਹੈ ਤਾਂ ਕਰਕੇ ਹੀ ਬੱਚੇ ਲਈ ਸਕੂਲ ਦਾ ਬਹੁਤ ਵੱਡਾ ਮਹੱਤਵ ਹੈ। ਸਮਾਜ ਦੇ ਭਲੇ ਲਈ ਸੋਚਣ ਅਤੇ ਕੰਮ ਕਰਨ ਵਾਲੇ ਹਰ ਵਿਅਕਤੀ ਵੱਲੋਂ ਇਸ ਦੇ ਮਹੱਤਵ ਨੂੰ ਸਮਝਦੇ ਹੋਏ ਹੀ ਹਰੇਕ ਬੱਚੇ ਦੀ ਸਕੂਲ ਤੱਕ ਪਹੁੰਚ ਯਕੀਨੀ ਬਣਾਉਣ ਅਤੇ ਮੁੱਢਲੀ ਸਿੱਖਿਆ ਮੁਫ਼ਤ ਵਿੱਚ ਮਿਲੇ ਇਸ ਲਈ ਯਤਨ ਅਤੇ ਸਿਫਾਰਿਸ਼ ਕੀਤੀ ਜਾਂਦੀ ਹੈ। ਭਾਰਤ ਵਿੱਚ 'ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਕਾਨੂੰਨ-2009' ਲਾਗੂ ਕਰਨਾ ਇਸ ਪਾਸੇ ਚੁੱਕਿਆ ਗਿਆ ਸਲਾਹੁਣਯੋਗ ਕਦਮ ਹੈ। ਇਸ ਨਾਲ 6 ਤੋਂ 14 ਸਾਲ ਦੀ ਉਮਰ ਦੇ ਬੱਚੇ ਨੂੰ ਮੁਫ਼ਤ ਵਿੱਚ ਮੁੱਢਲੀ ਸਿੱਖਿਆ ਪ੍ਰਦਾਨ ਕਰਨ ਦੀ ਵਿਵਸਥਾ ਹੈ। ਮੁੱਢਲੀ ਸਿੱਖਿਆ ਉਹ ਘੱਟੋ-ਘੱਟ ਸਿੱਖਿਆ ਹੈ ਜੋ ਕਿਸੇ ਬੱਚੇ ਨੂੰ ਸਮਾਜਕ ਜੀਵ ਦੀ ਤਰ੍ਹਾਂ ਵਰਤਾਓ ਕਰਨਾ ਸਿਖਾਉਂਦੀ ਹੈ। ਇਹ ਪੜ੍ਹਨ, ਲਿਖਣ, ਸੁਣਨ ਅਤੇ ਸਮਝਣ ਦੀ ਯੋਗਤਾ ਪੈਦਾ ਕਰ ਦਿੰਦੀ ਹੈ। ਭੂਤਕਾਲ ਵਿੱਚ ਜਿੰਨ੍ਹਾਂ ਦੇਸ਼ਾਂ ਨੇ ਸਿੱਖਿਆ ਉੱਤੇ ਬਜਟ ਦਾ ਵੱਡਾ ਹਿੱਸਾ ਖਰਚਿਆ ਸੀ ਅੱਜ ਤਰੱਕੀ ਦੀਆਂ ਸ਼ਿਖਰਾਂ ਤੇ ਹਨ ਅਤੇ ਲਗਾਤਾਰ ਸਿੱਖਿਆ ਖੇਤਰ ਨੂੰ ਮਜ਼ਬੂਤ ਬਣਾ ਰਹੇ ਹਨ।

ਪੰਜਾਬ ਜੋ ਕਿ ਸਿੱਖਿਆ ਦੇ ਖੇਤਰ ਵਿੱਚ ਇੱਕ ਮਾਣਮੱਤਾ ਖੇਤਰ ਸੀ ਵਿੱਚ ਸਿੱਖਿਆ ਅੰਗਰੇਜ਼ੀ ਰਾਜ ਸਮੇਂ ਸਰਕਾਰੀ ਸ਼ਾਜ਼ਿਸ਼ ਨਾਲ ਖ਼ਤਮ ਕਰ ਦਿੱਤੀ ਗਈ। ਫਿਰ ਆਪਣੀ ਲੋੜ ਪੂਰੀ ਕਰਨ ਜੋਗੀ ਸਕੂਲੀ ਸਿੱਖਿਆ ਹੌਲੀ-ਹੌਲੀ ਮਜ਼ਬੂਰੀ ਵਸ ਅੰਗਰੇਜ਼ ਨੇ ਦਿੱਤੀ। ਉਹਨਾਂ ਤੋਂ ਆਜ਼ਾਦੀ ਲਈ - ਇਹਨਾਂ ਕੋਲ਼ ਦੀ ਸੱਤਾ ਆ ਗਈ। 73 ਸਾਲਾਂ ਵਿੱਚ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਗਈਆਂ। ਸਮੇਂ - ਸਮੇਂ ਨੀਤੀਆਂ ਘੜੀਆਂ ਗਈਆਂ, ਰਾਸ਼ਟਰੀ ਸ਼ਾਖਰਤਾ ਮਿਸ਼ਨ, ਉਪਰੇਸ਼ਨ ਬਲੈਕ-ਬੋਰਡ, ਸਰਵ-ਸਿੱਖਿਆ ਅਭਿਆਨ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਵਰਗੀਆਂ ਸਕੀਮਾਂ ਚਲਾਈਆਂ ਗਈਆਂ। ਸਾਜੋ ਸਮਾਨ ਦੀ ਘਾਟ ਦੇ ਬਾਵਜੂਦ ਜੋ ਵਿਦਿਆਰਥੀ ਸਕੂਲੀ ਪੜ੍ਹਾਈ ਪੂਰੀ ਕਰ ਲੈਂਦੇ ਸਨ ਉਨ੍ਹਾਂ ਦਾ ਸਿੱਖਿਆ ਹਰ ਕਿਸੇ ਨੂੰ ਨਜ਼ਰ ਆਉਂਦਾ ਸੀ। ਸਾਲ2007- 2008 ਤੋਂ ਬਾਅਦ ਪੰਜਾਬ ਦੀ ਸਕੂਲੀ ਸਿੱਖਿਆ ਵਿੱਚ ਇੱਕ ਵੱਡੀ ਚੋਰ ਮੋਰੀ ਕਰ ਲਈ ਗਈ। ਇਸ ਦੇ ਸਿੱਟੇ ਵਜੋਂ ਸਿੱਖਿਆ ਤੋਂ ਉਸਦਾ ਅਸਲ ਉਦੇਸ਼ ਖੋਹ ਲਿਆ ਗਿਆ। ਸਕੂਲ ਫੈਕਟਰੀ ਵਿੱਚ ਬਦਲੇ ਜਾਣ ਲੱਗੇ। ਪੜ੍ਹ ਕੇ ਸਿਰਫ਼ ਸਰਟੀਫ਼ਿਕਿਟ ਪ੍ਰਾਪਤ ਹੋਣ ਲੱਗਾ। ਵਿੱਦਿਆ ਵਿਚਾਰਣ ਦਾ ਗੁਣ ਗਾਇਬ ਹੋ ਗਿਆ। ਸਿੱਖਿਆ ਦੇ ਕਿਲੇ ਵਿੱਚ ਲੱਗੇ ਇਸ ਸੰਨ ਦਾ ਨਾਂ ਹੈ - ਪੜ੍ਹੋ ਪੰਜਾਬ ਪ੍ਰੋਜੈਕਟ। ਨਾਮ ਸੁਣ ਪੜ੍ਹ ਕੇ ਕੋਈ ਵੀ ਧੋਖਾ ਖਾ ਸਕਦਾ ਹੈ। ਇਸ ਉੱਤੇ ਬਾਹਰੋਂ ਧੋਤੀ ਤੂੰਮੜੀ ਅਤੇ ਅੰਦਰ ਵਿਸ਼ ਨਕੋਰ ਦੀ ਅਖੌਤ ਪੂਰੀ ਢੁਕਦੀ ਹੈ। ਸਿੱਖਿਆ ਵਿਭਾਗ ਦੇ ਅੰਦਰ ਇਹ ਇੱਕ ਨਵਾਂ ਢਾਂਚਾ ਫਸਾ ਦਿੱਤਾ ਗਿਆ। ਜਿਵੇਂ ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਰੱਖੀਆਂ ਜਾ ਸਕਦੀਆਂ, ਉਵੇਂ ਹੀ ਲੋਕ




ਮੁੱਦਿਆਂ ਤੋਂ ਭੱਜਣ ਵਾਲੀਆਂ ਸਰਕਾਰਾਂ ਨੇ ਸਕੂਲੀ ਸਿੱਖਿਆ ਦੀ ਫ਼ਤਹਿ ਪ੍ਰਾਪਤ ਕਰਨ ਵਾਲੀ ਸ਼ਮਸ਼ੀਰ ਨੂੰ ਤਿਆਗ ਕੇ ਇਹ ਪੜ੍ਹੋ ਪੰਜਾਬ 'ਲੱਕੜ ਦੀ ਤਲਵਾਰ' ਮਨਜੂਰ ਕਰ ਲਈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮਿਆਰੀ ਪ੍ਰੀਖਿਆ ਸਿਸਟਮ ਦੇ ਸਮਾਨਅੰਤਰ ਸਿਸਟਮ ਖੜ੍ਹਾ ਕਰ ਦਿੱਤਾ ਗਿਆ। ਭਰੋਸੇਯੋਗ ਅਤੇ ਕਾਨੂੰਨ ਦੁਆਰਾ ਸਥਾਪਿਤ ਸਿੱਖਿਆ ਅਧਿਕਾਰੀਆਂ ਦੇ ਅਹੁਦਿਆਂ ਦੇ ਬਰਾਬਰ ਚਾਪਲੂਸੀ ਕਰਨ ਵਾਲੇ, ਸਕੂਲ ਤੋਂ ਭੱਜੇ, ਚੌਧਰ ਦੇ ਭੁੱਖਿਆਂ ਦੀਆਂ ਟੀਮਾਂ ਬਣਾ ਕੇ ਸਕੂਲਾਂ ਦੇ ਸਹਿਜ ਭਰੇ ਵਾਤਾਵਰਨ ਵਿੱਚ ਦਹਿਸ਼ਤੀ ਅਤੇ ਨਾਂਹਪੱਖੀ ਹਵਾ ਘੋਲ਼ ਦਿੱਤੀ ਗਈ। ਮੋਦੀ ਦੇ ਨਾਹਰੇ 'ਮੈਂ ਦੇਸ਼ ਨਹੀਂ ਬਿਕਨੇ ਦੂੰਗਾ' ਵਾਂਗੂੰ ਪੜ੍ਹੋ ਪੰਜਾਬ ਨੇ ਅਧਿਆਪਕਾਂ ਨੂੰ ਵਿਦਿਆਰਥੀਆਂ ਅਤੇ ਵਿੱਦਿਅਕ ਕਾਰਜਾਂ ਤੋਂ ਦੂਰ ਕਰਕੇ ਅੰਕੜਿਆਂ ਦੀ ਘੁੰਮਣ ਘੇਰੀ ਵਿੱਚ ਫਸਾ ਲਿਆ। ਸਕੂਲ ਦਾ ਟਾਇਮ-ਟੇਬਲ, ਪੀਰੀਅਡ ਵਿੱਚ ਪੜ੍ਹਾਏ ਜਾਣ ਵਾਲੇ ਟਾਪਿਕ ਲਈ ਸਮੇਂ ਦੀ ਵੰਡ ਨੂੰ ਸਕੂਲ ਦੇ ਢਾਂਚੇ, ਬੱਚਿਆਂ ਦੀ ਗਿਣਤੀ, ਬੱਚਿਆਂ ਦੇ ਸਿੱਖਣ ਪੱਧਰ ਅਨੁਸਾਰ ਅਧਿਆਪਕ ਤੇ ਨਾ ਛੱਡ ਕੇ ਸਖਤੀ ਨਾਲ 10-10 ਮਿੰਟ, 15-15 ਮਿੰਟ ਦੇ ਵਕਫਿਆਂ ਵਿੱਚ ਵੰਡ ਦਿੱਤਾ। ਸਕੂਲ ਵਿਚ ਚਮਚਿਆਂ ਦੀ ਵਿਜਿਟ ਨੂੰ ਸਕੂਲ ਤੇ ਛਾਪਾ ਆਖ ਅਖਬਾਰਾਂ ਵਿੱਚ ਖਬਰਾਂ ਛਪਣ ਲੱਗੀਆਂ ਜਿਵੇਂ ਕਿਤੇ ਨਾਜਾਇਜ਼ ਸ਼ਰਾਬ ਦੀ ਭੱਠੀ ਫੜ੍ਹੀ ਹੋਵੇ। ਬਾਲ ਮਨੋਵਿਗਿਆਨ, ਸਿੱਖਿਆ ਵਾਤਾਵਰਨ, ਸਮਾਜਿਕ ਪ੍ਰਭਾਵ, ਹਰ ਬੱਚੇ ਦਾ ਨਿਆਰਾਪਣ ਵਰਗੇ ਸਰਵ - ਪ੍ਰਵਾਨਿਤ, ਸਰਵ-ਵਿਆਪਕ ਤੱਥਾਂ ਨੂੰ ਅੱਖੋਂ ਓਹਲੇ ਕਰਕੇ ਅਧਿਆਪਕ ਨੂੰ ਕਾਬੂ ਹੇਠ ਰੱਖਣ ਉੱਤੇ ਜ਼ੋਰ ਲਗਾ ਦਿੱਤਾ ਗਿਆ। ਹਾਲਾਤ ਇਹ ਬਣ ਗਏ ਕਿ ਬਾਰਵੀਂ ਪਾਸ ਕਰਕੇ ਵੀ ਬਹੁਤਿਆਂ ਨੂੰ ਪ੍ਰਿੰਸੀਪਲ ਸ਼ਬਦ ਸਹੀ ਨਹੀਂ ਲਿਖਣਾ ਆਉਂਦਾ। ਕਾਰਨ - ਅਧਿਆਪਕ ਨੂੰ ਪੜ੍ਹੋ ਪੰਜਾਬ ਦੀ ਡਾਕ, ਛਾਪੇ (ਡਾਕੇ), ਸਖ਼ਤ ਸਮਾਂ ਸੀਮਾ ਵਿੱਚ ਬੰਨ੍ਹ ਦਿੱਤਾ ਗਿਆ। ਜੇ ਇੱਕ ਮਿੰਟ ਵੀ ਇੱਧਰ ਉੱਧਰ ਚਮਚਿਆਂ ਦੇ ਡਾਕੇ ਦੌਰਾਨ ਪਾਇਆ ਗਿਆ ਤਾਂ ਕੋਮਲ ਮਨ ਬੱਚਿਆਂ ਸਾਹ-ਮਣੇ ਉਹਨਾਂ ਦੇ ਅਧਿਆਪਕ ਨੂੰ ਜਲੀਲ ਕੀਤਾ ਜਾਣ ਲੱਗਾ। ਨੋਟਿਸ ਕੱਢੇ ਜਾਣ ਲੱਗੇ। ਅਧਿਆਪਕ ਦਾ ਧਿਆਨ ਵਿਸ਼ੇ ਵੱਲ ਘੱਟ ਘੜੀ ਵੱਲ ਜ਼ਿਆਦਾ ਹੋ ਗਿਆ। ਸਿਲੇਬਸ ਡਬਲ ਹੋ ਗਿਆ। ਸਾਰਾ ਸਾਲ ਪੜ੍ਹੋ ਪੰਜਾਬ ਪੜ੍ਹਾਇਆ ਗਿਆ ਅਤੇ ਪੇਪਰ ਬੋਰਡ ਦੀ ਕਿਤਾਬ ਵਿਚੋਂ ਲਿਆ ਗਿਆ। ਰਿਜਲਟ ਘੱਟ ਆਉਣਾ ਹੀ ਸੀ। ਨਤੀਜੇ ਅਧਿਆਪਕ ਨੂੰ ਝੱਲਣੇ ਪਏ। ਨਕਲ ਮਾਨਤਾ ਪ੍ਰਾਪਤ ਚੀਜ ਬਣ ਗਈ। ਵੇਖ ਕੇ ਅਣਡਿੱਠਾ ਹੋਣ ਲੱਗਾ। ਬੱਚਿਆਂ ਅੰਦਰੋਂ ਮਿਹਨਤ ਦਾ ਜਜ਼ਬਾ ਜਾਂਦਾ ਰਿਹਾ। ਸਰਟੀਫਿਕੇਟਡ ਅਨਪੜ੍ਹ ਵਧਣ ਲੱਗੇ।

ਸਕੂਲਾਂ ਨੂੰ ਹੁਣ ਸੋਹਣੇ ਬਣਾਉਣ ਤੇ ਜ਼ੋਰ ਲਗਾ ਰੱਖਿਆ ਹੈ। ਅਧਿਆਪਕਾਂ ਨੂੰ ਜੇਬ ਵਿਚੋਂ ਖਰਚਣ ਜਾ ਲੋਕਾਂ ਤੋਂ ਪੈਸੇ ਇਕੱਠੇ ਕਰਨ ਲਈ ਕਿਹਾ ਗਿਆ। ਕੰਧਾਂ ਰੰਗੀਆਂ ਜਾ ਰਹੀਆਂ ਹਨ। ਅਧਿਆਪਕ ਕਿਸੇ ਤਕੜੇ ਉਸਾਰੀ ਠੇਕੇਦਾਰ ਵਾਂਗੂੰ ਰੇਤਾ-ਬਜਰੀ, ਸੀਮਿੰਟ ਸਰੀਆ ਦਾ ਜਾਣਕਾਰ ਹੋ ਗਿਆ ਹੈ। ਸ਼ੋਕ ਦੇ ਭਾਅ ਪ੍ਰਸੰਸਾ ਪੱਤਰ ਮੂੰਹ ਤੇ ਮਾਰੇ ਜਾ ਰਹੇ ਹਨ। ਸਕੂਲਾਂ ਵਿੱਚ ਕੈਮਰੇ, ਪ੍ਰੋਜੈਕਟਰ, ਲੈਬਾਂ ਬਣ ਰਹੀਆਂ ਹਨ।ਸਾਜੋ ਸਮਾਨ ਆ ਗਿਆ ਹੈ। ਕਰੋੜਾਂ ਰੁਪੱਇਆ ਮੁੱਖ ਗੇਟਾਂ ਤੇ ਖਰਚ ਕਰਵਾ ਦਿੱਤਾ ਗਿਆ ਹੈ। ਵੱਡੀ ਮਾਤਰਾ ਵਿੱਚ ਲੋਕਾਂ ਨੇ ਸਹਿਯੋਗ ਰਾਸ਼ੀ ਸਕੂਲਾਂ ਨੂੰ ਅਪ-ਟੂ-ਡੇਟ ਬਣਾਉਣ ਲਈ ਦਾਨ ਕੀਤੀ। ਆਨਲਾਈਨ ਉਦਘਾਟਨ ਕਰਕੇ ਪੰਜਾਬ ਸਰਕਾਰ ਆਪਣੀ ਪਿੱਠ ਆਪੇ ਹੀ ਥਾਪੜਾ ਲੈ ਰਹੀ ਹੈ ਅਖੇ ਅਸੀਂ ਸਕੂਲ ਸਮਾਰਟ ਬਣਾ ਦਿੱਤੇ ਹਨ।

ਕਰੋਨਾ ਨਾਂ ਦੀ ਬਿਮਾਰੀ ਦੇ ਓਹਲੇ ਵਿਚ ਆਨਲਾਈਨ ਪੜ੍ਹਾਈ ਅਤੇ ਮੁਲਾਂਕਣ ਦੇ ਨਾਂ ਹੇਠ ਸਭ ਦੀਆਂ ਅੱਖਾਂ ਵਿੱਚ ਧੂੜ ਪਾਈ ਗਈ। ਫਰਜੀ ਅੰਕੜਿਆਂ ਦੇ ਅੰਬਾਰ ਲਗਾ ਲਏ ਗਏ। ਸੰਪਰਕ ਵਿੱਚ ਆਏ ਵੱਡੀ ਗਿਣਤੀ ਵਿੱਚ ਵਿਦਿਆਰਥੀ ਸਿੱਖਣ ਦੀ ਉਸ ਪੱਧਰ ਉੱਤੇ ਹਨ ਕਿ ਉਹ ਸਮਾਰਟ ਤਾਂ ਕੀ ਵਿਦਿਆਰਥੀ ਵੀ ਨਜ਼ਰ ਨਹੀਂ ਆਉਂਦੇ। ਪ੍ਰੀਖਿਆਵਾਂ ਸਿਰ ਉੱਤੇ ਹਨ। ਬਹੁਤੇ ਕਾਹਲਿਆਂ ਨੇ ਪ੍ਰੀ-ਬੋਰਡ ਦੀ ਡੇਟ-ਸ਼ੀਟ ਤਿੰਨ ਵਾਰ ਸੋਧ ਕੇ ਭੇਜੀ। ਉਪਰੋਂ ਅਧਿਆਪਕਾਂ ਨੂੰ ਦਾਖਲੇ ਵਧਾਉਣ ਲਈ ਸਕੂਲੋਂ ਨਿਕਲਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਸੇ ਸਮੇਂ ਬਾਲ ਮੇਲਾ ਕਰਵਾਏ ਜਾਣ ਤੋਂ ਬਿਨਾਂ ਸ਼ਾਇਦ ਫ਼ਰਜੀ ਅੰਕੜੇ ਦੀ ਫ਼ਾਇਲ ਦੀ ਜ਼ਲਿਦ ਨਹੀਂ ਬੰਨ੍ਹ ਹੋਣੀ ਸੀ। ਅਧਿਆਪਕ ਨੂੰ ਫੋਟੋਗ੍ਰਾਫਰ, ਡਾਟਾ ਓਪਰੇਟਰ ਅਤੇ ਕਨਸਟਰੱਕਟਰ ਵਿੱਚ ਬਦਲ ਕੇ ਉੱਪਰੋਂ ਬਦਲੀ ਨੀਤੀ ਸ਼ੱਕ ਦੇ ਘੇਰੇ ਵਿੱਚ ਹੈ। ਪੋਸਟਾਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਸਮਾਰਟ ਸਕੂਲ ਲਈ ਵਿਦਿਆ ਵਿਚਾਰਨੀ ਬਣਦੀ ਹੈ। ਸਕੂਲ ਇਮਾਰਤਾਂ ਨਹੀਂ ਹੁੰਦੇ। ਇਮ-ਾਰਤ ਸਕੂਲ ਦਾ ਜ਼ਰੂਰੀ ਅੰਗ ਜ਼ਰੂਰ ਹੁੰਦੀ ਹੈ। ਸਮਾਰਟ ਬੱਚੇ ਦਿਖਾਈ ਨਹੀਂ ਦਿੰਦੇ। ਜੋ ਸ਼ੋਸ਼ਲ ਮੀਡੀਆ ਤੇ ਵੀਡੀਓ ਅਪਲੋਡ ਕਰਵਾਏ ਜਾਂਦੇ ਹਨ ਉਹ ਆਟੇ ਵਿਚ ਲੂਣ ਜਿੰਨੇ ਕੁ ਹੋਣਹਾਰ ਅਤੇ ਮਿਹਨਤੀ ਬੱਚੇ ਹਮੇਸ਼ਾ ਤੋਂ ਰਹੇ ਹਨ ਬੱਸ ਹੁਣ ਉਹ ਮੀਡੀਆ ਚ ਹਨ। ਵਿਸ਼ੇਸ਼ ਪ੍ਰਾਪਤੀ ਕਿੱਥੇ ਹੈ? ਕੀ ਪੱਥਰ ਤੇ ਉਕਰਿਆ 'ਸਮਾਰਟ' ਬਹੁਗਿਣਤੀ ਬੱਚਿਆਂ ਦੀ ਸਖਸ਼ੀਅਤ ਚੋਂ ਝਲਕਣ ਲੱਗਾ ਹੈ? ਉੱਤਰ ਨਿਰਾਸ਼ਾਜਨਕ ਹਨ। ਨਕਲ ਅਪਗ੍ਰੇਡ ਹੋ ਗਈ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਪ੍ਰੀਖਿਆ ਲੈਣ ਅਤੇ ਪ੍ਰਸ਼ਨ-ਪੱਤਰ ਛਾਪਣ ਦੀ ਸੁਤੰਤਰਤਾ ਗੁਆ ਚੁੱਕਾ ਹੈ। ਚਮਚੇ ਛਾਏ ਹੋਏ ਹਨ - ਬੱਚੇ ਪੜ੍ਹਾਉਣ ਤੋਂ, ਰਿਜਲਟ ਦੇਣ ਤੋਂ ਆਜ਼ਾਦ ਹਨ। ਸਕੂਲਾਂ ਵਿੱਚ ਬੱਚਿਆਂ ਕੋਲ ਅਧਿਆਪਕਾਂ ਦੀ ਘਾਟ ਹੈ। ਸਕੂਲ ਪਹੁੰਚਿਆ ਅਧਿਆਪਕ ਕਦੇ ਪੇਂਟਰ ਪਿੱਛੇ ਭੱਜਦਾ ਹੈ ਕਦੇ ਆਟਾ-ਚੱਕੀ ਵੱਲ, ਕਦੇ ਬੀ. ਐੱਲ. ਓ. ਡਿਊਟੀ ਤੇ ਹੁੰਦਾ ਹੈ ਕਦੇ ਡੈਪੋ ਡਿਊਟੀ ਤੇ, ਕਦੇ ਵੋਟਾਂ ਪਵਾ ਰਿਹਾ ਹੁੰਦਾ ਹੈ ਕਦੇ ਇੱਟਾਂ ਖ਼ੀਦ ਰਿਹਾ ਹੁੰਦਾ ਹੈ। ਕਦੀ ਦੋਧੀ ਲੱਭਦਾ ਫਿਰਦਾ ਹੈ ਕਦੇ ਪਲੰਬਰ ਜਾਂ ਇਲੈਕਟ੍ਰੀਸ਼ਨ। ਪਰ ਯਾਦ ਰਹੇ ਰਿਜਲਟ ਉਸਦਾ ਬੱਚਿਆਂ ਨੂੰ ਪੜ੍ਹਾਉਣ ਦਾ ਵੇਖਿਆ ਜਾਵੇਗਾ। ਕੀ, ਕਦੋਂ, ਕਿੰਨਾ, ਕਿਵੇਂ ਪੜ੍ਹਾਉਣਾ ਹੈ ਸਭ ਉੱਪਰੋਂ ਆ ਰਿਹਾ ਹੈ। ਪੇਪਰ ਵੀ ਉੱਪਰੋਂ ਆਵੇਗਾ। ਅਧਿਆਪਕ ਅਤੇ ਵਿਦਿਆਰਥੀ ਦਾ ਆਪਸੀ ਰਿਸ਼ਤਾ ਟੁੱਟ ਗਿਆ ਹੈ ਜਾਂ ਕਹੀਏ ਤੁੜਵਾ ਦਿੱਤਾ ਹੈ। ਉਹ ਸਹਿਯੋਗੀ ਦੀ ਥਾਂ ਇੱਕ ਦੂਜੇ ਤੋਂ ਡਰਨ ਲੱਗੇ। ਜੀ ਹਾਂ ਡਰਨ ਲੱਗੇ। ਬੋਲ ਕੇ ਦੋਵਾਂ ਨੇ ਨਹੀਂ ਸੁਣਾਇਆ। ਅੰਦਰ ਘੁਲਦੀ ਜ਼ਹਿਰ ਨੇ ਸਿੱਖਿਆ ਨਾਮ ਦੀ ਕੋਮਲ ਵੇਲ਼ ਨੂੰ ਸੁਕਾ ਦਿੱਤਾ।

# ਰਿਕਸ਼ਾ ਅਤੇ ਜਹਾਜ਼ ਦੀਆਂ ਪੌੜੀਆਂ

ਪਿਛਲੇ ਦਿਨੀਂ ਆਪਣੇ ਦੋਸਤ ਨਾਲ ਉਸ ਦੀ ਮਾਤਾ ਜੀ ਦੀ ਦਵਾਈ ਲੈਣ ਲਈ ਬਠਿੰਡੇ ਜਾਣ ਦਾ ਮੌਕਾ ਮਿਲਿਆ ਤਾਂ ਗੱਡੀ ਰਾਹੀਂ ਬਠਿੰਡਾ ਪਹੁੰਚੇ ਰਾਹ ਵਿੱਚ ਅਨੇਕਾਂ ਜੀਵਨ ਦੀਆਂ ਗਤੀਵਿਧੀਆਂ ਨੂੰ ਫਰੋਲਦੇ ਹੋਏ ਪੁਰਾਣੀਆਂ ਯਾਦਾਂ ਨੂੰ ਸਾਂਝਾ ਕੀਤਾ ਅਤੇ ਤਕਰੀਬਨ ਗਿਆਰਾਂ ਵਜੇ ਤਕ ਅਸੀਂ ਬਠਿੰਡੇ ਗਲੋਬਲ ਹਸਪਤਾਲ ਵਿੱਚ ਪਹੁੰਚ ਗਏ । ਹਸਪਤਾਲ ਵਿੱਚ ਮਰੀਜ਼ਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਦੋਸਤ ਨੂੰ ਕਿਹਾ ਕਿ ਤੁਸੀਂ ਮਾਤਾ ਜੀ ਕੋਲ ਬੈਠੋ ਮੈਂ ਥੱਲੇ ਚੱਲਿਆ ਹਾਂ, ਹਸਪਤਾਲ ਦੀਆਂ ਪੌੜੀਆਂ ਉਤਰ ਕਿ ਬਾਹਰ ਰੋਡ ਤੇ ਆ ਗਿਆ ਮਨ ਹੀ ਮਨ ਚਾਹ ਦੀਆਂ ਚੁਸਕੀਆਂ ਨੂੰ ਭਾਲ ਰਿਹਾ ਸੀ,ਅਤੇ ਚਾਰੇ ਪਾਸੇ ਨਿਗ੍ਹਾ ਮਾਰੀ ਤਾਂ ਇਕ ਚਾਹ ਵਾਲਾ ਖੋਖਾ ਨਜ਼ਰ ਆਇਆ ਉਹ ਚਾਹ ਵਾਲੇ ਖੋਖੇ ਤੇ ਪਹੁੰਚ ਕੇ ਬਾਬਾ ਜੀ ਨੂੰ ਕਿਹਾ ਕਿ ਇੱਕ ਕੱਪ ਚਾਹ ਦਾ ਦਿਓ ਜੀ, ਇੰਨੇ ਨੂੰ ਸਾਹਮਣੇ ਇਕ ਆਈਲੈਟਸ ਸੈਂਟਰ ਤੇ ਨਜ਼ਰ ਪਈ, ਉੱਥੇ ਕਈ ਨੌਜਵਾਨ ਮੁੰਡੇ ਕੁੜੀਆਂ ਆ ਜਾ ਰਹੇ ਸਨ । ਬਾਬਾ ਜੀ ਨੇ ਚਾਹ ਦੀ ਗਲਾਸੀ ਹੱਥ ਵਿੱਚ ਫੜ੍ਹਾਈ ਅਤੇ ਚਾਹ ਦੀਆਂ ਚੁਸਕੀਆਂ ਦਾ ਆਨੰਦ ਲੈਣ ਲੱਗਾ, ਇੰਨੇ ਨੂੰ ਇੱਕ ਜੋੜਾ ਰਿਕਸ਼ੇ ਤੇ ਆਇਆ,ਰਿਕਸ਼ੇ ਵਾਲੇ ਭਾਈ ਦੀਆਂ ਮੱਥੇ ਦੀਆਂ ਤਿਉੜੀਆਂ ਤੇ ਆਇਆ ਹੋਇਆ ਪਸੀਨਾ ਏ ਦੱਸ ਰਿਹਾ ਸੀ ,ਕਿ ਲੱਗਦਾ ਕਾਫ਼ੀ ਦੂਰ ਤੋਂ ਇਨ੍ਹਾਂ ਨੂੰ ਇੱਥੋਂ ਤੱਕ ਲੈ ਕੇ ਆਇਆ ਹੈ, ਚੋਰੀ ਚੋਰੀ ਰਿਕਸ਼ਾ ਚਾਲਕ ਦੀਆਂ ਅੱਖਾਂ ਨੂੰ ਵੇਖਿਆ ਤਾਂ ਉਹ ਜੋੜੇ ਦੀਆਂ ਜੇਬਾਂ ਵੱਲ ਤੱਕਣ ਲੱਗਾ,ਉਸ ਸਵਾਰੀ ਜੋੜੇ ਨੇ ਬਾਬਾ ਜੀ ਨੂੰ ਪੁੱਛਿਆ ਕਿ ਦੱਸੋ ਕਿੰਨਾ ਕਿਰਾਇਆ ਲੈਣਾ ਹੈ, ਤਾਂ ਬਾਬੇ ਜੀ ਨੇ ਸਹਿਜਤਾ ਨਾਲ ਕਹਿੰਦੇ ਹੋਏ



ਗੁਰਪ੍ਰੀਤ ਸਿੰਘ ਸੰਧੂ

ਕਹਿ ਕੀ ਪੁੱਤਰ ਜੀ ਤੁਸੀਂ ਮੈਨੂੰ ਸੱਤਰ ਰੁਪਏ ਦੇ ਦਿਓ ਇਹ ਸੁਣਦਿਆਂ ਹੀ ਜੋੜਾ ਅੱਗ ਬਗੋਲਾ ਹੋ ਗਿਆ ਬੋਲਣ ਲੱਗੇ ਇੱਥੋਂ ਤਾਂ ਅਸੀਂ ਆਏ ਹਾਂ ਕਿੰਨੀ ਕੁ ਦੂਰ ਤੋਂ ਤੁਸੀਂ ਸਾਨੂੰ ਲੈ ਕੇ ਆਏ ਹੋ। ਬਾਬਾ ਜੀ ਦੇ ਸੱਤਰ ਰੁਪਈਆਂ ਦੇ ਬਦਲੇ ਉਨ੍ਹਾਂ ਨੇ ਸੱਤਰ ਕੁ ਸਵਾਲ ਬਾਬਾ ਜੀ ਅੱਗੇ ਕੱਢ ਕੇ ਰੱਖ ਦਿੱਤੇ,ਬਾਬਾ ਜੀ ਨੂੰ ਕਹਿਣ ਲੱਗੇ ਅਸੀਂ ਤਾਂ ਸਿਰਫ਼ ਪੰਜਾਹ ਰੁਪਏ ਦੇਣੇ ਹਨ,ਰਿਕਸ਼ਾ ਚਾਲਕ ਨੇ ਜਵਾਬ ਦਿੱਤਾ ਜਿਵੇਂ ਤੁਹਾਡੀ ਖੁਸ਼ੀ ਹੈ,ਮੈਨੂੰ ਮਨਜ਼ੂਰ ਹੈ,ਉਨ੍ਹਾਂ ਨੇ ਰਿਕਸ਼ਾ ਚਾਲਕ ਨੂੰ ਪੰਜਾਹ ਰੁਪਏ ਦਿੱਤੇ ਅਤੇ ਆਈਲੈਟਸ ਸੈਂਟਰ ਦੀਆਂ ਪੌੜੀਆਂ ਚੜ੍ਹਨ ਲੱਗੇ,ਉਸ ਜੋੜੇ ਵੱਲ ਦੇਖ ਕੇ ਸੋਚ ਰਿਹਾ ਸੀ,ਕਿ ਇਹ ਜਹਾਜ਼ ਦੀਆਂ ਪੌੜੀਆਂ ਨੂੰ ਕਿਸ ਤਰ੍ਹਾਂ ਚੜ੍ਹਨਗੇ, ਕੀ ਇਹ ਜਹਾਜ਼ ਦੀਆਂ ਪੌੜੀਆਂ ਚੜਨ ਲਾਈਕ ਹਨ, ਜਾਣਾ ਇਨ੍ਹਾਂ ਲੋਕਾਂ ਨੇ ਬਾਹਰਲੇ ਦੇਸ਼ਾਂ ਵਿੱਚ ਹੈ ,ਲੜੀ ਇਹ ਰਿਕਸ਼ੇ ਵਾਲੇ ਨਾਲ ਜਾਂਦੇ ਹਨ ਉਸ ਦੀ ਮਿਹਨਤ ਮਜ਼ਦੂਰੀ ਦਾ ਵੀ ਪੂਰਾ ਮੁੱਲ ਨਹੀਂ ਦੇ ਰਹੇ ਜੋ ਇੱਕ ਡੰਗਰਾਂ ਵਾਂਗ ਉਨ੍ਹਾਂ ਨੂੰ ਢੋਹ ਕੇ ਇੱਥੋਂ ਤੱਕ ਲੈ ਕੇ ਆਇਆ ਹੈ,ਸੋਚ ਰਿਹਾ ਸੀ ਕਿ ਜਿੰਨਾ ਇਹ ਰਿਕਸ਼ੇ ਵਾਲੇ ਨਾਲ ਲੜੇ ਸਨ ,ਜੇਕਰ ਇਹ ਆਪਣੇ ਹੀ ਹੱਕਾਂ ਲਈ ਅਸੀਂ ਸਰਕਾਰਾਂ ਨਾਲ ਲੜੀਏ ਤਾਂ ਸ਼ਾਇਦ ਸਾਨੂੰ ਬਾਹਰ ਜਾਣ ਦੀ ਲੋੜ ਹੀ ਕਿਉਂ ਪਵੇ,ਦੂਜੇ ਪਾਸੇ ਝਾਤੀ ਮਾਰੀ ਜਾਵੇ ਤਾਂ ਜੇਕਰ ਇਨ੍ਹਾਂ ਲੋਕਾਂ ਨੇ ਬਾਹਰ ਜਾਣ ਤੇ ਲੱਖਾਂ ਰੁਪਏ ਲਾਉਣੇ ਹਨ, ਤਾਂ ਇਕ ਰਿਕਸ਼ਾ ਚਾਲਕ ਦਾ ਕਿਰਾਇਆ ਵੀ ਨਹੀਂ ਭਰ ਸਕਦੇ ਤੇ ਉਸ ਰਿਕਸ਼ੇ ਵਾਲੇ ਚਾਲਕ ਦਾ ਜਿਗਰਾ ਦੇਖੋ ਸੱਤਰ ਰੁਪਏ ਦੀ ਬਜਾਏ ਪੰਜਾਹ ਰੁਪਏ ਲੈ ਕੇ ਵੀ ਖੁਸ਼ ਸੀ,ਸੋਚੋ ਬਾਹਰ ਜਾਣ ਦੇ ਲਾਈਕ ਕੌਣ ਹੈ ਅਤੇ ਰਿਕਸ਼ਾ ਚਲਾਉਣ ਦੇ ਲਾਈਕ ਕੌਣ ਹੈ,

ਅਸਲ ਵਿੱਚ ਜੇਕਰ ਅਸੀਂ ਬਾਹਰ ਲੱਖਾਂ ਰੁਪਏ ਲਾ ਕੇ ਜਾਣਾ ਹੈ ਤਾਂ ਸਾਨੂੰ ਇਹੋ ਜਿਹੇ ਲੋਕਾਂ ਦੀ ਮਜ਼ਦੂਰੀ ਦਾ ਪੂਰਾ ਮੁੱਲ ਦੇਣਾ ਚਾਹੀਦਾ ਹੈ,ਉਨ੍ਹਾਂ ਨਾਲ ਲੜਨਾ ਝਗੜਨਾ ਨਹੀਂ ਚਾਹੀਦਾ ਹੈ। ਸੱਚਮੁੱਚ ਜੇਕਰ ਸਾਡੇ ਸੁਪਨੇ ਵੱਡੇ ਹਨ ਤਾਂ ਸਾਡਾ ਦਿਲ ਵੀ ਵੱਡਾ ਹੋਣਾ ਚਾਹੀਦਾ ਹੈ ।

ਗੁਰਪ੍ਰੀਤ ਸਿੰਘ ਸੰਧੂ
ਪਿੰਡ ਗਹਿਲੇ ਵਾਲਾ
ਜ਼ਲਿਾ ਫਾਜ਼ਲਿਕਾ
9988766013

# ਅੰਦੋਲਨ ਅਤੇ ਔਰਤ



ਪਰਮਿੰਦਰ ਭੁੱਲਰ
9463067430

ਪਿਤਾ ਦਾ ਆਪਣਾ ਸਥਾਨ ਹੈ। ਪਿਤਾ ਸਤਿਕਾਰ ਦਾ ਪਾਤਰ ਸੀ, ਹੈ ਅਤੇ ਰਹੇਗਾ। ਮਾਂ ਕੁਝ ਅਲੱਗ ਹੈ। ਮਾਂ ਸਿਰਫ਼ ਬੱਚੇ ਨਹੀਂ ਜਨਮਦੀ। ਉਹ ਸਭ ਕੁਝ ਜਨਮਦੀ ਹੈ। ਅੱਖਾਂ ਤਾਂ ਖੋਲ੍ਹੋ, ਸਭ ਦਿਖਾਈ ਦੇਵੇਗਾ। ਉਹ ਭਾਵਨਾਵਾਂ ਦਾ ਕਲਪ ਬ੍ਰਿਖ ਹੈ। ਸਭ ਉਸ ਤੋਂ ਪੈਦਾ ਹੋ ਰਿਹਾ ਹੈ। ਪ੍ਰੇਮ ਇਸ ਤੋਂ ਪੈਦਾ ਹੁੰਦਾ ਹੈ। ਨਫ਼ਰਤ ਵੀ ਇਸ ਤੋਂ ਉਗਦੀ ਹੈ। ਲੜਾਈਆਂ ਵੀ ਇਸ ਕਰਕੇ ਹਨ। ਸਮਝੌਤਾ ਵੀ ਇਸ ਕਰਕੇ ਹੀ ਹੁੰਦਾ ਹੈ। ਪਾਲਣਾ ਕਰਨ ਵਾਲੀ ਮਾਂ ਹੈ। ਮੱਤ ਦੇਣ ਵਾਲੀ ਮਾਂ ਹੈ। ਧਰਤੀ ਵੀ ਮਾਂ ਹੈ। ਦੇਸ਼ ਮਾਂ ਹੈ। ਬੋਲਿਆ ਹਰ ਬੋਲ ਕਦੇ ਨਾ ਕਦੇ ਮਾਂ ਨੇ ਬੋਲਿਆ ਹੋਣਾ ਜਾਂ ਮਾਂ ਵਾਸਤੇ ਬੋਲਿਆ ਗਿਆ ਹੋਣਾ, ਜੇ ਅਜਿਹਾ ਨਹੀਂ ਤਾਂ ਉਸ ਵਿੱਚ ਅਰਥ ਰੁੱਖੇ ਹਨ। ਉਹ ਬੇਜਾਨ ਹੈ। ਨਿਰਾ ਮਾਦਾ। ਹੈਂ! ਮਾਦਾ ਮਾਂ ਹੈ। ਪਿਤਾ ਨਰ ਹੈ। ਨਰ ਅਤੇ ਮਦੀਨ ਤੋਂ ਇਹ ਜੱਗ ਰਚਨਾ ਹੈ। ਪਿਤਾ ਦਾ ਜੱਗ ਵਿੱਚ ਵੱਡਾ ਆਸਰਾ ਹੈ। ਮਾਂ ਆਸਰੇ ਦਾ ਆਸਰਾ ਹੈ। ਉਸਦੀ ਠਾਹਰ ਹੈ। ਦੋਵਾਂ ਪੱਲੇ ਕੁਝ ਆਸਾਂ ਹਨ । ਯਾਦਾਂ ਹਨ । ਉਹ ਢਲ ਰਹੇ ਹਨ। ਜ਼ਿੰਦਗੀ ਦਾ ਸੂਰਜ ਕਿੰਨੂੰ ਰੰਗਾ ਹੋ ਰਿਹਾ ਹੈ ਨਾਲ ਹੀ ਉਮੀਦਾਂ ਦਾ ਆਸਮਾਨ। ਭਵਿੱਖ ਰਾਤ ਹੈ, ਗਹਿਰੀ ਰਾਤ। ਪਿਤਾ ਬੇਚੈਨ ਹੋ ਉੱਠਿਆ। ਘਰੋਂ ਨਿਕਲ ਤੁਰਿਆ ਹੈ। ਸੂਰਜ ਦੀ ਆਸ ਦੂਰ ਦੂਰ ਤੱਕ ਨਹੀਂ। ਉਹ ਘਰ ਨਹੀਂ ਪਰਤਿਆ। ਰਾਤਾਂ ਲੰਘ ਰਹੀਆਂ ਹਨ। ਮੌਸਮ ਬਦਲ ਰਹੇ ਹਨ। ਉਸਦੀ ਖ਼ਬਰ ਸਾਰ ਮਿਲਦੀ ਰਹੀ ਹੈ ਕਿ ਉਸਦੇ ਮੌਰਾਂ ਤੇ ਡਾਂਗਾਂ ਦੇ ਨੀਲ ਲਿਸ਼ਕਦੇ ਹਨ, ਅੱਥਰੂ ਗੈਸ ਅਤੇ ਜਗਰਾਤਿਆਂ ਦੀ ਮਾਰ ਅੱਖਾਂ ਵਿੱਚ ਲਾਲ ਡੋਰੇ ਮੋਟੇ ਗੂੜ੍ਹੇ ਹੋ ਗਏ ਹਨ। ਹਾਕਮ ਹਮਲਾਵਰ ਹੈ, ਪਿਤਾ ਚਿੰਤਾ ਵਿੱਚ ਹੈ। ਹੌਸਲੇ ਨਾਲ ਦਹਾੜਦਾ ਹੈ। ਆਵਾਜ਼ਾਂ ਵਿੱਚ ਆਵਾਜ਼ ਗੁਆਚਣ ਲੱਗਦੀ ਹੈ। ਕੁੱਤੇ ਭੌਂਕਣ ਲੱਗਦੇ ਹਨ। ਲੂੰਬੜੀਆਂ ਰੌਂਦੀਆਂ ਹਨ ਅਤੇ ਗਿੱਦੜ-ਗਿੱਦੜੀਆਂ ਹੁਆਂਕਣ ਲਗਦੇ ਹਨ। ਮਾਂ ਗਹਿਰੇ ਚਿੰਤਨ ਵਿੱਚੋਂ ਲੰਘ ਰਹੀ ਹੈ। ਜਿਵੇਂ ਉਹ ਜਨਮ ਦੇਣ ਤੋਂ ਪਹਿਲਾਂ ਹਮੇਸ਼ਾ ਹੁੰਦੀ ਹੈ। ਦੁਨੀਆ ਦੇ ਲੋਕ ਮਾਂ ਨੂੰ ਮੁਬਾਰਕਾਂ ਦੇਣ ਦੀਆਂ ਤਿਆਰੀਆਂ ਕਰਦੇ ਹਨ।

ਧੁੰਦ ਚੁੱਕੀ ਗਈ। ਉੱਚੇ ਅਸੀਮ ਆਸਮਾਨ ਦਾ ਮੱਥਾ ਥੜਾਕ ਕਰਕੇ ਫਟ ਗਿਆ। ਅਨੰਤ ਚਾਨਣ ਦੇ ਫੁਹਾਰੇ ਫੁੱਟਣ ਲੱਗੇ। ਇੱਕ ਦਰਿਆ ਜਮਨਾ ਦੇ ਨੇੜੇ ਵਗਣ ਲੱਗਾ। ਦੁਨੀਆ ਦੀ ਆਸ ਪੂਰੀ ਹੋਈ। ਵਧਾਈਆਂ ਮਿਲਣ ਲੱਗੀਆਂ। ਕੜਕਦੀ ਬਿਜਲੀ ਸ਼ਰਮਾ ਗਈ। ਮਾਰਚ ਦਾ ਅੱਠਵਾਂ ਦਿਨ, ਅੰਤਰ-ਰਾਸ਼ਟਰੀ ਮਹਿਲਾ ਦਿਵਸ ਦਾ ਮੌਕਾ ਸੀ। ਔਰਤ ਨੂੰ ਮਜਬੂਤ ਕਰਨ ਦੇ ਹੋਕੇ ਸਨ। ਮੰਚ ਤੋਂ ਬੁਲੰਦ ਆਵਾਜ਼ ਉੱਠੀ। "ਸਾਥੀਓ, ਮੇਰੇ ਭਰਾਵੋ, ਮੇਰੇ ਬੱਚਿਓ, ਮੇਰੇ ਦੇਸ਼ ਦੇ ਲੋਕੋ! ਅੱਜ ਧਰਤੀ ਤੇ ਅਸਮਾਨ ਦੇ ਮੇਲ ਨੂੰ ਦੇਖੋ, ਦੇਖੋ ਜਿੱਥੇ ਤੱਕ ਤੁਹਾਡੀ ਨਜ਼ਰ ਜਾਂਦੀ ਹੈ। ਧਰਮੀ ਮਾਂ ਅੱਜ ਦੀ ਗੋਦੀ ਭਰੀ ਹੋਈ ਹੈ। ਚੁੰਨੀਆਂ ਹੀ ਚੁੰਨੀਆਂ ਨਜ਼ਰ ਆ ਰਹੀਆਂ ਹਨ। ਮਾਵਾਂ ਹੀ ਮਾਵਾਂ, ਭੈਣਾਂ ਹੀ ਭੈਣਾਂ, ਧੀਆਂ ਹੀ ਧੀਆਂ ਜਾਗਦੇ ਸਿਰਾਂ ਦੀ ਗਵਾਹੀ ਬਣ ਗਈਆਂ ਹਨ। ਝੰਡੇ ਨਵੀਂ ਫੁਰਤੀ ਨਾਲ 'ਏਕੇ' ਦੀ ਹਾਮੀ ਭਰਨ ਲੱਗੇ ਹਨ। ਹੁਣ ਤੱਕ ਅੰਦੋਲਨ ਚਲਾਇਆ ਜਾ ਰਿਹਾ ਸੀ। ਹੁਣ ਅੰਦੋਲਨ ਦਾ ਜਨਮ ਹੋਇਆ ਹੈ। ਜੱਗ ਜਨਨੀ ਦੀ ਅੰਦੋਲਨ ਵਿੱਚ ਬਰਾਬਰ ਦੀ ਹਿੱਸੇਦਾਰੀ ਨੇ ਨਵੀਂ ਆਸ ਪੈਦਾ ਕੀਤੀ ਹੈ। ਰਾਤ ਕਿੰਨੀ ਵੀ ਗਹਿਰੀ ਹੋਵੇ, ਸੂਰਜ ਜ਼ਰੂਰ ਉੱਗੇਗਾ। ਲੋਕਾਂ ਦਾ ਏਕਾ ਜ਼ਰੂਰ ਜਿੱਤੇਗਾ। ਨਾਢੂ ਖਾਂ ਦੀ ਧੌਣ ਦਾ ਕਿੱਲਾ ਨਿੱਕਲ ਜਾਵੇਗਾ ਤੇ ਉਹ ਜੜ੍ਹੋਂ ਉੱਖੜੇ ਬਲੂਤ ਵਾਂਗੂੰ ਲੋਕਾਂ ਦੇ ਹੁਕਮ ਅੱਗੇ ਬੇਬਸ ਪਿਆ ਹੋਵ-ੇਗਾ।" ਇਹ ਪਿਤਾ ਦੇ ਬੋਲ ਸਨ। ਅੱਖਾਂ ਦੇ ਨਾਲ ਡੋਰਿਆਂ ਵਿੱਚ ਹੁਣ ਭਰੋਸੇ ਦਾ ਸੂਰਜ ਚਮਕ ਰਿਹਾ ਸੀ। ਹਾਕਮ ਦੇ ਘਰ ਧੁੰਦ ਗਿਰਨ ਲੱਗੀ ਸੀ। ਉਸਨੂੰ ਕਾਂਬਾ ਲੱਗ ਰਿਹਾ ਸੀ।

# ਔਰਤਾਂ ਲਈ ਕੁਦਰਤੀ ਤੋਹਫਾ: ਹਮੇਸ਼ਾਂ ਹਮੇਸ਼ਾਂ ਲਈ ਚਿਹਰੇ ਨੂੰ ਖੂਬਸੂਰਤ ਬਣਾਉਣ ਦਾ ਆਯੂਵੈਦਿਕ ਨੁਸ਼ਖਾ : ਡਾ ਅਮਰੀਕ ਸਿੰਘ ਕੰਡਾ

ਅੱਜਕਲ ਹਰ ਕੋਈ ਚਾਹੇ ਗੱਬਰੂ ਚਾਹੇ ਮੁਟਿਆਰ ਚਾਹੇ ਬੱਚਾ ਚਾਹੇ ਬੁੱਢਾ ਹਰ ਕੋਈ ਸੋਹਣਾ ਚਿਹਰਾ ਗੋਰਾ ਚੇਹਰਾ ਭਾਲਦਾ ਹੈ । ਹਰ ਕੋਈ ਸੋਹਣਾ ਵਿਖਣਾ ਚਾਹੁੰਦਾ ਹੈ । ਬਜ਼ਾਰਾਂ ਵਿਚ ਹਰ ਰੋਜ਼ ਨਵੀਂਆਂ ਤੋਂ ਨਵੀਆਂ ਕਰੀਮਾਂ ਆ ਰਹੀਆਂ ਹਨ । ਭਾਂਤ ਭਾਂਤ ਦੀਆਂ ਕੰਪਨੀਆਂ ਗੋਰੇ ਹੋਣ ਦਾ ਦਾਅਵਾ ਕਰਦੀਆਂ ਹਨ । ਵੱਡੇ ਵੱਡੇ ਸੁਪਰ ਸਟਾਰਾਂ ਨੂੰ ਕਰੋੜਾਂ ਰੁਪਈਏ ਦੇ ਕੇ ਇਸ਼ਤਿਹਾਰਬਾਜ਼ੀਆਂ ਕਰਵਾਉਦੀਆਂ ਹਨ । ਆਪਣੇ ਆਯੂਵੈਦਿਕ ਗ੍ਰੰਥਾਂ ਚ ਬਹੁਤ ਸਾਰੇ ਨੇਸ਼ਕੇ ਲਿਖੇ ਹਨ । ਜਿਹੜੇ ਆਪਾਂ ਘਰ ਬੈਠੇ ਹੀ ਬਣਾ ਸਕਦੇ ਹਾਂ । ਚਿਹਰੇ ਤੇ ਅਨਚਾਹੇ ਵਾਲ,ਛਾਈਆਂ ਕਿੱਲ ਮੁਹਾਸੇ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਕਿਵੇਂ ਪਾਅ ਸਕਦੇ ਹਾਂ । ਆਉ ਜਾਣੀਏ ਚਿਹਰੇ ਨੂੰ ਖੂਬਸੂਰਤ ਬਣਾਉਣ ਦਾ ਆਯੂਵੈਦਿਕ ਨੁਸ਼ਕਾ ।

ਸਮਗਰੀ-ਰਕਤਚੰਦਨ,ਖਰੈਂਟੀ,ਮਸ਼ਰਾਂ ਦੀ ਦਾਲ, ਛਾਰਛਬੀਲਾ, ਖਦਿਰ, ਜਾਇਫਲ, ਚਰੌਂਜੀ, ਹਰਦਾਰ, ਜਟਾਮਾਂਸੀ, ਗੈਰਿਕ, ਯੂਰਪੀਅਨ ਖੁਰਾਸਾਨੀ ਬਚ, ਬਾਵਚੀ, ਕੇਲੇ ਦੀ ਜੜ੍ਹ,ਗੁਲਾਬ ਫੁੱਲ, ਕੁੱਠ, ਸੰਖ ਪੀਸਿਆ ਹੋਇਆ, ਜੰਗਲੀ ਹਲਦੀ, ਚੰਦਨ, ਕਸ਼ਮੀਰੀ ਕੇਸ਼ਰ, ਕ੍ਰਿਸ਼ਟਲ ਕਲੀਅਰ ਕੈਂਮਫਰ ।

ਵਿਧੀ-ਇਹ ਸਾਰੀਆਂ ਚੀਜ਼ਾਂ ਸ਼ੁੱਧ ਕੀਤੀਆਂ ਲੈਣੀਆਂ ਨੇ । ਇਹਨਾਂ ਨੂੰ ਲੈ ਕੇ ਹਲਦੀ ਤੇ ਕਸ਼ਮੀਰੀ ਕੇਸਰ ਦੀਆਂ ਗਿਆਰਾਂ ਗਿਆਰਾਂ ਭਾਵਨਾਂ ਦੇਣੀਆਂ ਹਨ ।

ਪ੍ਰਯੋਗ-ਇਹ ਦੋ ਚਮਚੇ ਪਾਉਡਰ ਨੂੰ ਕੱਚੇ ਦੁੱਧ ਚ ਘੋਲ ਕੇ ਅੰਗਾਂ ਤੇ ਲੇਪ ਕਰੋ ਜਦੋਂ ਚੰਗੀ ਤਰ੍ਹਾਂ ਸੁੱਕ ਜਾਵੇ ਪਾਣੀ ਜਾਂ ਦੁੱਧ ਨਾਲ ਗਿੱਲਾ ਕਰਕੇ ਰਗੜ ਰਗੜ ਕੇ ਉਤਾਰੋ । ਮੂੰਹਾਸੇ ਜਾਂ ਫਿਨਸੀਆਂ ਵਾਲੇ ਪਾਣੀ ਚ ਗਾੜਾ ਲੇਪ ਬਣਾ ਕੇ ਫਿਨਸੀਆਂ ਉਪਰ ਲਾਉ । ਸੁੱਕਣ ਤੋਂ ਬਾਅਦ ਦੁੱਧ ਨਾਲ ਗਿੱਲਾ ਕਰਕੇ ਲਾਹ ਦਿਉ । ਇਹ ਰੰਗ ਨਿਖਾਰਦਾ ਹੈ । ਚਿਹਰੇ ਤੇ ਅਨਚਾਹੇ ਵਾਲ ਨਹੀਂ ਰਹਿਣ ਦਿੰਦਾ । ਚਿਹਰੇ ਦੀਆਂ ਛਾਈਆਂ ਕਿੱਲ ਮੁਹਾਸੇ ਠੀਕ ਕਰਦਾ ਹੈ ।

ਨੋਟ ਗਰਮੀਆਂ ਚ ਹਲਦੀ ਦੀ ਪੰਜੀਰੀ ਖਾਉ ਖੂਨ ਅੰਦਰੋਂ ਸਾਫ ਹੋਵੇਗਾ ਨਾੜਾਂ ਹੱਡੀਆਂ ਨੂੰ ਤਾਕਤ ਮਿਲੇਗੀ ਲੀਵਰ ਠੀਕ ਰਹੇਗਾ । ਪੇਟ ਠੀਕ ਰਹੇਗਾ । ਜਦੋਂ ਪੇਟ ਠੀਕ ਰਹੇਗਾ ਚਿਹਰੇ ਤੇ ਰੌਣਕ ਰਹੇਗੀ । ਆਪਣੇ ਡਾਕਟਰ ਹਕੀਮ ਵੈਦ ਕੋਲੋਂ ਜਰੂਰ ਸਲਾਹ ਲੈ ਲਿਆ ਕਰੋ । ਖੁਸ਼ ਰਹੋ ਤੰਦਰੁਸਤ ਰਹੋ।

ਡਾ ਅਮਰੀਕ ਸਿੰਘ ਕੰਡਾ-ਕੰਡਾ ਦਵਾਖਾਨਾ ਮੋਗਾ ਬੀ ਈ ਐਮ ਐਸ ਐਮ.ਡੀ-1764 ਗੁਰੂ ਰਾਮ ਦਾਸ ਨਗਰ ਨੇੜੇ ਨੈਸਲੇ ਮੋਗਾ-142001



ਪੰਜਾਬ ਭਾਰਤ 98557-35666



# ਖ਼ਬਰਾਂ ਪੰਜਾਬ ਦੀਆਂ

## ਪੰਜਾਬ ਦੇ ਮੁੱਖ ਮੰਤਰੀ ਅਤੇ ਲੜਕੀ ਦਾ ਅਕਸ ਖ਼ਰਾਬ ਦੇ ਦੋਸ਼ ਹੇਠ ਅਣਪਛਾਤੇ ਲੋਕਾਂ ਉੱਤੇ ਕੇਸ ਦਰਜ

ਐਸ ਏ ਐਸ ਨਗਰ (ਮੋਹਾਲੀ), 17 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਅਤੇ ਇੱਕ ਲੜਕੀ ਦਾ ਅਕਸ ਖ਼ਰਾਬ ਕਰਨ ਦੇ ਦੋਸ਼ ਹੇਠਪੰਜਾਬ ਪੁਲਸ ਨੇ ਕੱਲ੍ਹ ਕੁਝ ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਸਟੇਟ ਸਾਈਬਰ ਸੈਲ, ਫੇਜ਼ 4 ਮੁਹਾਲੀ ਵਿਖੇ ਕੇਸ ਦਰਜ ਕੀਤਾ ਹੈ। ਦੋਸ਼ੀਆਂ ਵੱਲੋਂ ਬਿਨਾਂ ਇਜਾਜ਼ਤ ਲਏ ਇੱਕ ਲੜਕੀ ਦੀ ਫੋਟੋ ਉਸਦੇ ਸੋਸ਼ਲ ਮੀਡੀਆ ਅਕਾਊਂਟ ਤੋਂ ਚੁੱਕ ਕੇ ਅਤੇ ਉਸ ਦੀ ਵਰਤੋਂ ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਉੱਤੇ ਝੂਠੇ ਅਤੇ ਅਸ਼ਲੀਲ ਸੰਦੇਸ਼ ਫੈਲਾਉਣ ਲਈ ਕੀਤੀ ਜਾ ਰਹੀ ਸੀ। ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ ਦਿਨਕਰ) ਗੁਪਤਾ ਮੁਤਾਬਕ ਪੰਜਾਬ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਕੈਪਟਨ ਸੰਦੀਪ ਸੰਧੂ ਵੱਲੋਂ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਸ਼ਿਕਾਇਤ ਆਈ ਸੀ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਨਿਊਜ਼ ਵੈਬਸਾਈਟਾਂ ਅਤੇ ਟੀ ਵੀ ਚੈਨਲਾਂ ਸਮੇਤ ਸੋਸ਼ਲ ਮੀਡੀਆ ਉੱਤੇ ਅਜਿਹੇ ਗਲਤ ਅਤੇ ਅਸ਼ਲੀਲ ਸੰਦੇਸ਼ ਫੈਲਾਉਣਾ ਕਾਨੂੰਨੀ ਅਪਰਾਧ ਹੈ ਤੇ ਉਨ੍ਹਾਂ ਨੇ ਲੋਕਾਂ ਨੂੰ ਅਜਿਹੇ ਝੂਠ ਫੈਲਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ। ਕੈਪਟਨ ਸੰਧੂ ਨੇ ਆਪਣੀ ਸ਼ਿਕਾਇਤ ਵਿੱਚ ਮੁੱਖ ਮੰਤਰੀ ਪੰਜਾਬ ਦੇ ਅਕਸ ਨੂੰ ਖਰਾਬ



ਕਰਨ ਲਈ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਕੀਤੀ ਅਪਰਾਧਿਕ ਅਤੇ ਰਾਜਨੀਤਿਕ ਸਾਜਿਸ਼ ਦੀ ਜਾਂਚ ਦੀ ਮੰਗ ਕੀਤੀ ਹੈ, ਜਿਸ ਵਿੱਚ ਲੜਕੀ ਦੀ ਫੋਟੋ ਉਸ ਦੀ ਇਜਾਜ਼ਤ ਬਿਨਾਂ ਉਸ ਦੇ ਸੋਸ਼ਲ ਮੀਡੀਆ ਅਕਾਊਂਟ ਤੋਂ ਲੈ ਕੇ ਸੋਸ਼ਲ ਮੀਡੀਆ ਉੱਤੇ ਅਪਮਾਨਜਨਕ ਸੰਦੇਸ਼ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਫੋਟੋ ਦੀ ਵਰਤੋਂ ਕਰਨਾ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦੇ ਵਿਰੁੱਧ ਹੈ। ਇਨ੍ਹਾਂ ਝੂਠੇ ਸੰਦੇਸ਼ਾਂ ਦੇ ਸਰੋਤਾਂ ਅਤੇ ਇਸ ਸਾਜਿਸ਼ਕਰਤਾ ਦਾ ਪਤਾ ਲਾਉਣ ਦੀ ਮੰਗ ਕਰਦਿਆਂ ਕੈਪਟਨ ਸੰਧੂ ਨੇ ਕਿਹਾ ਕਿ 2022 ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਅਜਿਹੇ ਅਪਮਾਨਜਨਕ ਸੰਦੇਸ਼ ਫੈਲਾਉਣ ਵਿੱਚ ਮੁੱਖ ਮੰਤਰੀ ਦੇ ਕੁਝ ਰਾਜਨੀਤਿਕ ਵਿਰੋਧੀਆਂ ਦੀ ਭੂਮਿਕਾ ਨਕਾਰੀ ਨਹੀਂ ਜਾ ਸਕਦੀ, ਇਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਕੈਪਟਨ ਸੰਧੂ ਮੁਤਾ-ਬਕ ਇਸ ਕੇਸ ਦੇ ਦੋਸ਼ੀਆਂ ਨੇ ਜਾਣਬੁੱਝ ਕੇ ਨੌਜਵਾਨ ਲੜਕੀ ਦਾਵਿਗਾੜਨ ਕੋਸ਼ਿਸ਼ ਕੀਤੀ ਹੈ, ਜੋ ਅਜੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰ ਰਹੀ ਹੈ।

## ਝੂਠਾ ਕੇਸ ਦਰਜ ਕਰਨ ਬਦਲੇ ਸਰਕਾਰ ਨੂੰ 14 ਲੱਖ 85 ਹਜ਼ਾਰ ਰੁਪਏ ਮੁਆਵਜ਼ਾ ਦੇਣਾ ਪਵੇਗਾ

ਅੰਮ੍ਰਿਤਸਰ, 17 ਮਾਰਚ (ਪੋਸਟ ਬਿਊਰੋ)- ਸਾਲ 1992 ਅਤੇ 1998 ਵਿੱਚ ਪੁਲਸ ਵੱਲੋਂ ਸਰਬਜੀਤ ਸਿੰਘ ਵੇਰਕਾ ਅਤੇ ਹੋਰਨਾਂ ਦੇ ਖ਼ਿਲਾਫ਼ ਖਾੜਕੂਵਾਦ ਨਾਲ ਸਬੰਧਤ ਕੇਸ ਵਿੱਚੋਂ ਅਦਾਲਤ ਤੋਂ ਬਰੀ ਹੋਣ ਉਤੇ ਇਸ ਨੌਜਵਾਨ ਵੱਲੋਂਕੋਰਟ ਵਿੱਚ ਪਾਏ ਮਾਣਹਾਨੀ ਕੇਸ ਓਤਿ ਅਦਾਲਤ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ 14 ਲੱਖ 85 ਹਜ਼ਾਰ ਰੁਪਏ ਪੀੜਤ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਦਾ ਹੁਕਮ ਸੁਣਾਇਆ ਹੈ।



ਐਡਵੋਕੇਟ ਸਰਬਜੀਤ ਸਿੰਘ ਵੇਰਕਾ ਅਨੁਸਾਰ ਪੁਲਸ ਨੇ ਉਨ੍ਹਾਂ ਖ਼ਿਲਾਫ਼ 1992 ਵਿੱਚ ਖਾੜਕੂਵਾਦ ਨਾਲ ਸਬੰਧਤ ਕੇਸ ਦਰਜ ਕੀਤੇ ਸਨ। 25 ਜੁਲਾਈ 1998 ਵਿੱਚ ਸੀ ਬੀ ਆਈ ਦੇ ਕੇਸ ਵਿੱਚ ਅਹਿਮ ਗਵਾਹੀ ਤੋਂ ਪਹਿਲਾਂ 15 ਜੁਲਾਈ 1998 ਨੂੰ ਉਨ੍ਹਾਂ ਤੋਂ ਇਲਾਵਾ ਖਾਲੜਾ ਕੇਸ ਦੇ ਗਵਾਹ ਰਾਜੀਵ ਰੰਧਾਵਾ ਅਤੇ ਹੋਰਨਾਂ ਅਕਲਜੀਤ ਸਿੰਘ, ਭੁਪਿੰਦਰ ਸਿੰਘ, ਪਦਾਰਥ ਸਿੰਘ, ਉਪਕਾਰ ਸਿੰਘ ਤੇ ਰਸ਼ਪਾਲ ਸਿੰਘ ਪੱਤਰਕਾਰ ਦੇ ਖ਼ਿਲਾਫ਼ ਟਾਈਗਰਜ਼ ਆਫ਼ ਸਿੱਖਲੈਂਡ ਨਾਮਕ ਜਥੇਬੰਦੀ ਬਣਾਉਣ ਤੇ ਖਾੜਕੂਵਾਦ ਨਾਲ ਸਬੰਧਿਤ ਕੇਸ ਦਰਜ ਕੀਤਾ ਗਿਆ ਸੀ। ਸਾਲ 2009 ਵਿੱਚ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਆਪਣੇ ਉੱਤੇ ਦਰਜ ਕੇਸਾਂ ਵਿੱਚੋਂ ਬਾਇੱਜ਼ਤ ਬਰੀ ਹੋਣ ਪਿੱਛੋਂ ਆਪਣੀ ਛਵੀ ਨੂੰ ਖ਼ਰਾਬ ਕਰਨ ਉੱਤੇ ਅਦਾਲਤ ਵਿੱਚ 50 ਲੱਖ ਰੁਪਏ ਦੇ ਮੁਆਵਜ਼ੇ ਲਈ ਪੰਜਾਬ ਸਰਕਾਰ ਅਤੇ ਪੁਲਸ ਦੇ ਖ਼ਿਲਾਫ਼ ਕੇਸ ਕੀਤਾ ਸੀ। ਉਨ੍ਹਾਂ ਅਨੁਸਾਰ 15 ਜਨਵਰੀ 2013 ਨੂੰ ਪੀ ਐਸ ਰਾਏ ਦੀ ਅਦਾਲਤ ਨੇ ਸਰਕਾਰ ਨੂੰ ਹੁਕਮ ਕੀਤਾ ਕਿ ਸਰਬਜੀਤ ਸਿੰਘ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਹ ਰਾਸ਼ੀ ਇਸ ਕੇਸ ਨਾਲ ਸਬੰਧਤ ਪੁਲਸ ਅਧਿਕਾਰੀਆਂ ਦੀਆਂ ਤਨਖ਼ਾਹਾਂ ਵਿੱਚੋਂ ਕੱਟਣ ਦੇ ਹੁਕਮ ਦਿੱਤੇ ਸਨ, ਪਰ ਸਰਕਾਰ ਨੇ ਇਹ ਰਕਮ ਨਾ ਦਿੱਤੀ। ਸਰਬਜੀਤ ਸਿੰਘ ਦੀ ਅਰਜ਼ੀ ਉੱਤੇ ਅਦਾਲਤ ਨੇ ਡੀ ਜੀ ਪੀ ਪੰਜਾਬ, ਪੁਲਸ ਕਮਿਸ਼ਨਰ ਅੰਮ੍ਰਿਤਸਰ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀਆਂ ਕਾਰਾਂ ਅਤੇ ਕਾਰਪੋਰੇਸ਼ਨ ਹਾਊਸ ਅਤੇ ਪੁਲਸ ਹਾਊਸ ਦੀ ਕੋਠੀ ਨੂੰ ਇਸ ਕੇਸ ਨਾਲ ਨੱਥੀ ਕਰਨ ਦੇ ਹੁਕਮ ਕਰ ਕੇ ਅਦਾਲਤ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਖਾਤਾ ਨੰਬਰ, ਜਿਸ ਵਿੱਚ ਪੰਜਾਬ ਸਰਕਾਰ ਦੀਆਂ ਤਨਖ਼ਾਹਾਂ ਆਉਂਦੀਆਂ ਹਨ, ਵਿੱਚੋਂ 14 ਲੱਖ 85 ਹਜ਼ਾਰ ਕੱਟਣ ਦੇ ਹੁਕਮ ਕੀਤੇ ਤਾਂ ਇਹ ਰਾਸ਼ੀ ਅਦਾਲਤ ਵਿੱਚ ਆ ਜਾਣ ਪਿੱਛੋਂ ਪੁਲਸ ਦੀ ਅਰਜ਼ੀ ਉੱਤੇ ਪੁਲਸ ਅਫ਼ਸਰਾਂ ਦੀਆਂ ਕਾਰਾਂ ਅਤੇ ਸਰਕਾਰੀ ਇਮਾਰਤਾਂ ਨੂੰ ਛੱਡ ਦਿੱਤਾ ਗਿਆ ਅਤੇ 14 ਲੱਖ 85 ਹਜ਼ਾਰ ਦੀ ਮੁਆਵਜ਼ਾ ਰਕਮ ਸਰਬਜੀਤ ਸਿੰਘ ਵੇਰਕਾ ਦੇ ਬੈਂਕ ਖਾਤੇ ਵਿੱਚ ਪਾਉਣ ਦੇ ਹੁਕਮ ਜਾਰੀ ਕੀਤੇ ਹਨ, ਪਰ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਇਹ ਰਕਮ ਅਦਾਲਤ ਲਈ ਕੱਟਣ ਦੇ ਬਾਵਜੂਦ ਪੀੜਤ ਸਰਬਜੀਤ ਸਿੰਘ ਦੇ ਖਾਤੇ ਵਿੱਚ ਪਾਉਣ ਤੋਂ ਆਨਾਕਾਨੀ ਕਰ ਰਿਹਾ ਸੀ। ਇਸ ਉੱਤੇ ਅਦਾਲਤ ਨੇ ਬੀਤੇ ਦਿਨੀਂ ਮੁਆਵਜ਼ੇ ਦੀ ਰਕਮ ਡਿਗਰੀ ਹੋਲਡਰ ਦੇ ਖਾਤੇ ਵਿੱਚ ਪਾਉਣ ਅਤੇ ਏਦਾਂ ਨਾ ਕਰਨ ਦੀ ਸੂਰਤ ਵਿੱਚ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਨੂੰ ਨਿੱਜੀ ਤੌਰ ਉੱਤੇ 31 ਮਾਰਚ ਨੂੰ ਪੇਸ਼ ਹੋਣ ਦੇ ਹੁਕਮ ਕੀਤੇ ਹਨ।।

## ਬੈਂਕਾਂ ਦੇ ਨਿੱਜੀਕਰਨ ਦੇ ਖਿਲਾਫ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਨੇ ਕੇਂਦਰ ਦੀ ਖਿਚਾਈ ਕੀਤੀ

ਪਟਿਆਲਾ, 17 ਮਾਰਚ (ਪੋਸਟ ਬਿਊਰੋ)- ਪਟਿਆਲਾ ਤੋਂ ਲੋਕ ਸਭਾ ਮੈਂਬਰ ਪਰਨੀਤ ਕੌਰ ਨੇ ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨ ਵੱਲੋਂ ਬੈਂਕਾਂ ਦੀ ਰਾਸ਼ਟਰੀ ਹੜਤਾਲ ਨੂੰ ਆਪਣਾ ਸਮਰਥਨ ਦਿੰਦੇ ਹੋਏ ਕੇਂਦਰ ਸਰਕਾਰ ਦੁਆਰਾ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ ਦੇ ਐਲਾਨ ਦੀ ਸਖਤ ਆਲੋਚਨਾ ਕੀਤੀ ਹੈ।



ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਲਿਖੇ ਪੱਤਰ ਵਿੱਚ ਪਰਨੀਤ ਕੌਰ ਨੇ ਕਿਹਾ ਕਿ ਬੈਂਕਾਂ ਦੇ ਨਿੱਜੀਕਰਨ ਦਾ ਫੈਸਲਾ ਦੇਸ਼ ਦੇ ਲੋਕਾਂ ਲਈ ਸੁਰੱਖਿਅਤ ਬੈਂਕਿੰਗ ਦੇ ਦਰਵਾਜ਼ੇ ਬੰਦ ਕਰਨ ਵਾਲਾ ਸਾਬਤ ਹੋਵੇਗਾ। ਉਨ੍ਹਾਂ ਨੇ ਖਜ਼ਾਨਾ ਮੰਤਰੀ ਨੂੰ ਬੈਂਕ ਯੂਨੀਅਨਾਂ ਦੀਆਂ ਮੰਗਾਂ ਪ੍ਰਤੀ ਹਮਦਰਦੀ ਵਾਲਾ ਰੁਖ ਅਪਣਾਉਣ ਦਾ ਜ਼ੋਰ ਦਿੰਦੇ ਹੋਏ ਕਿਹਾ ਕਿ ਉਹ ਉਨ੍ਹਾਂ 10 ਲੱਖ ਬੈਂਕ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਹੜਤਾਲ ਨੂੰ ਆਪਣਾ ਸਮਰਥਨ ਦਿੰਦੇ ਹਨ, ਜੋ ਕੇਂਦਰ ਸਰਕਾਰ ਦੇ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ ਦੇ ਐਲਾਨ ਵਿਰੁੱਧ ਹੜਤਾਲ ਉੱਤੇ ਸਨ।ਪਰਨੀਤ ਕੌਰ ਨੇ ਕਿਹਾ ਕਿ ਜਨਤਕ ਖੇਤਰ ਦੇ ਬੈਂਕ ਅਰਥਵਿਵਸਥਾ ਦੀ ਗੱਡੀ ਦੇ ਉਹ ਅਹਿਮ ਪਹੀਏ ਹਨ, ਜੋ ਕਿਸੇ ਸਮਾਜ ਦੇ ਹਰ ਵਿਅਕਤੀ ਦੀ ਤਰੱਕੀ ਅਤੇ ਵਿਕਾਸ ਲਈ ਜ਼ਰੂਰੀ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਬੈਂਕਾਂ ਦਾ ਨਿੱਜੀਕਰਨ ਨਾ ਕੇਵਲ ਇਨ੍ਹਾਂ ਲੋਕਾਂ ਦੇ ਵਿਰੁੱਧ ਬਲਕਿ ਸਾਡੇ ਦੇਸ਼ ਅਤੇ ਲੋਕਾਂ ਦੇ ਵੀ ਹਿੱਤਾਂ ਦੇ ਵਿਰੁੱਧ ਹੈ।

## ਦਿੱਲੀ ਅੰਦੋਲਨ ਤੋਂ ਮੁੜ ਕੇ ਘਰ ਪੁੱਜਣ ਤੋਂ ਪਹਿਲਾਂ ਕਿਸਾਨ ਨੇ ਜ਼ਹਿਰ ਪੀ ਲਿਆ



ਹਰਸ਼ਾ ਛੀਨਾ, 17 ਮਾਰਚ (ਪੋਸਟ ਬਿਊਰੋ)- ਥਾਣਾ ਭਿੰਡੀ ਸੈਦਾਂ ਦੇ ਪਿੰਡ ਕੜਿਆਲ ਵਿਖੇ ਕੱਲ੍ਹ ਰਾਤ ਕਿਸਾਨ ਅੰਦੋਲਨ ਤੋਂ ਪਰਤੇ ਨੌਜਵਾਨ ਕਿਸਾਨ ਵੱਲੋਂ ਜ਼ਹਿਰੀਲਾ ਪਦਾਰਥ ਨਿਗਲ ਕੇ ਖ਼ੁਦਕੁਸ਼ੀ ਕਰਨ ਦੀ ਖਬਰ ਮਿਲੀ ਹੈ।

ਪਿੰਡ ਕੜਿਆਲ ਦੂ ਜਗੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਕੁਲਦੀਪ ਸਿੰਘ ਪਿੰਡ ਦੇ ਕਿਸਾਨ ਜਥੇ ਨਾਲ 19 ਫਰਵਰੀ ਨੂੰ ਦਿੱਲੀ ਅੰਦੋਲਨ ਵਿੱਚ ਗਿਆ ਸੀ। ਜਥੇ ਦੇ ਬਾਕੀ ਕਿਸਾਨ ਮੁੜ ਆਏ, ਪਰ ਉਹ ਦਿੱਲੀ ਰੁਕ ਗਿਆ ਸੀ। ਕੱਲ੍ਹ ਸ਼ਾਮ ਪਿੰਡ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਬੇਟਾ ਬਰਸੀਮ ਦੇ ਖੇਤ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਪਿਆ ਹੈ, ਜਿਸ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚਲਿਜਾਇਆ ਗਿਆ ਤਾਂ ਓਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਕੁਲਦੀਪ ਸਿੰਘ ਨੇ ਆਪਣੇ ਘਰ ਪਰਤਣ ਤੋਂ ਪਹਿਲਾਂ ਰਸਤੇ ਵਿੱਚ ਜ਼ਹਿਰੀਲਾ ਪਦਾਰਥ ਨਿਗਲ ਕੇ ਖ਼ੁਦਕੁਸ਼ੀ ਕਰ ਲਈ।

## ਪ੍ਰਸ਼ਾਂਤ ਕਿਸ਼ੋਰ ਦੀ ਪ੍ਰਿੰਸੀਪਲ ਐਡਵਾਈਜ਼ਰ ਵਜੋਂ ਨਿਯੁਕਤੀ ਖ਼ਿਲਾਫ ਅਰਜ਼ੀ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣਾ ਪ੍ਰਿੰਸੀਪਲ ਸਲਾਹਕਾਰ ਵੱਜੋਂ ਰਾਜਨੀਤਕ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਨਿਯੁਕਤੀ ਅਤੇ ਇਸ ਨੂੰ ਕੈਬਨਿਟ ਦਾ ਦਰਜਾ ਦੇਣ ਨੂੰਨੂੰ ਗੈਰ ਸੰਵਿਧਾਨਿਕ ਦੱਸ ਕੇ ਬਾਕਸਿੰਗ ਕੋਚ ਲਾਭ ਸਿੰਘ ਤੇ ਸਤਿੰਦਰ ਸਿੰਘ ਨਾਂ ਦੇ ਵਕੀਲ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਹਾਈ ਕੋਰਟ ਦੇ ਜਸਟਿਸ ਜਸਵੰਤ ਸਿੰਘ ਤੇ ਜਸਟਿਸ ਸੰਤ ਪ੍ਰਕਾਸ਼ ਦੇ ਬੈਂਚ ਅੱਗੇ ਪੇਸ਼ ਹੋਏ ਪਟੀਸ਼ਨਰ ਦੇ ਵਕੀਲ ਦਾ ਕਹਿਣਾ ਸੀ ਕਿ ਪ੍ਰਿੰਸੀਪਲ ਐਡਵਾਈਜ਼ਰ ਦੀ ਨਿਯੁਕਤੀ ਇੰਟਰਵਿਊ ਦਾ ਇਸ਼ਤਿਹਾਰ ਦਿੱਤੇ ਬਿਨਾਂ ਕੀਤੀ ਹੈ, ਜਿਨ੍ਹਾਂ ਨੂੰ ਸਾਰੀਆਂ ਸੁਖ-ਸਹੂਲਤਾਂ ਦਿੱਤੀਆਂ ਜਾਣਗੀਆਂ, ਜੋ ਸਰਕਾਰ ਉੱਤੇ ਵਾਧੂ ਬੋਝ ਹੋਵੇਗਾ। ਪਟੀਸ਼ਨਰ ਨੇ ਕਿਹਾ ਕਿ ਕਿਸੇ ਵੀ ਵੱਡੇ ਅਹੁਦੇ ਉੱਤੇ ਨਿਯੁਕਤੀ ਜ਼ਰੂਰੀ ਰਸਮਾਂ ਪੂਰੀਆਂ ਕੀਤੇ ਬਿਨਾਂ ਨਹੀਂ ਹੋ ਸਕਦੀ, ਇਸ ਲਈ ਇਹ ਨਿਯੁਕਤੀ ਰੱਦਹੋਣੀ ਚਾਹੀਦੀ ਹੈ।ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਪ੍ਰਿੰਸੀਪਲ ਐਡਵਾਈਜ਼ਰ ਦੀ ਨਿਯੁਕਤੀ ਸਿਵਲ ਨੇਚਰ ਦੀ ਨਹੀਂ ਅਤੇ ਨਾ ਕਿਸਨੇ ਰਾਜਨੇਤਾ ਨੂੰ ਖੁਸ਼ ਕਰਨ ਲਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਜਨਤਾ ਦਾ ਚੁਣਿਆ ਪ੍ਰਤਿਨਿਧਹੈ ਤੇ ਉਸ ਨੂੰ ਆਪਣਾ ਸਲਾਹਕਾਰ ਨਿਯੁਕਤ ਕਰਨ ਦਾ ਅਧਿਕਾਰ ਹੈ। ਉਨ੍ਹਾਂ ਸਾਲ 2013 ਦੇ ਇੱਕ ਕੇਸ ਦੀ ਮਿਸਾਲ ਦਿੱਤੀ, ਜਿਸ ਵਿੱਚ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਓ ਐਸ ਡੀ ਦੇ ਕੇਸ ਵਿੱਚ ਹਾਈ ਕੋਰਟ ਨੇ ਸਰਕਾਰ ਦੇ ਪੱਖ ਵਿੱਚ ਫੈਸਲਾ ਦਿੱਤਾ ਸੀ।ਗੋਆ ਅਤੇ ਹੋਰ ਕਈ ਰਾਜਾਂ ਵਿੱਚ ਏਦਾਂ ਦੀਆਂ ਨਿਯੁਕਤੀਆਂ ਦਾ ਹਵਾਲਾ ਵੀ ਦਿੱਤਾ, ਜਿਸ ਮਗਰੋਂ ਕੋਰਟ ਨੇ ਕਿਹਾ ਕਿ ਮੁੱਖ ਮੰਤਰੀ ਦੇ ਪ੍ਰਿੰਸੀਪਲ ਐਡਵਾਈਜ਼ਰ ਵਜੋਂਪ੍ਰਸ਼ਾਂਤ ਕਿਸ਼ੋਰ ਦੀ ਨਿਯੁਕਤੀ ਵਿੱਚ ਕਿਸੇ ਪ੍ਰਕਾਰ ਦੇ ਕਾਨੂੰਨ ਦੀ ਉਲੰਘਣਾ ਨਹੀਂ ਹੋਈ, ਨਾ ਪਟੀਸ਼ਨਰ ਧਿਰ ਕਿਸੇ ਬੇਨਿਯਮੀ ਨੂੰ ਸਾਬਤ ਕਰ ਸਕੀ ਹੈ, ਇਸ ਲਈ ਪਟੀਸ਼ਨ ਰੱਦ ਕੀਤੀ ਜਾਂਦੀ ਹੈ।




## ਹਵੇਲੀ ਰੈਸਟੋਰੈਂਟ ਦੇ ਸੀ ਈ ਓ ਨਾਲ ਪੁਲਸ ਵੱਲੋਂ ਨਾਕੇ ਉੱਤੇ ਕੁੱਟ-ਮਾਰ

* ਪੁਲਸ ਕਮਿਸ਼ਨਰ ਵੱਲੋਂ ਦੋਵੇਂ ਮੁਲਾਜ਼ਮ ਸਸਪੈਂਡ

ਜਲੰਧਰ, 17 ਮਾਰਚ (ਪੋਸਟ ਬਿਊਰੋ)- ਸਥਾਨਕ ਅਰਬਨ ਅਸਟੇਟ ਫੇਜ਼-2 ਨੇੜੇ ਪੁਲਸ ਨਾਕੇ ਉੱਤੇ ਤਾਇਨਾਤ ਪੁਲਸ ਵਾਲਿਆਂ ਨੇ ਜਲੰਧਰ-ਫਗਵਾੜਾ ਹਾਈਵੇ ਵਾਲੇ ਹਵੇਲੀ ਰੈਸਟੋਰੈਂਟ ਦੇ ਸੀ ਈ ਓ, ਡੀ ਕੇ ਉਮੇਸ਼ (60) ਅਤੇ ਉਨ੍ਹਾਂ ਦੀ ਗੱਡੀ ਦੇ ਡਰਾਈਵਰ ਦੀ ਸੜਕ ਦੇ ਵਿਚਾਲੇ ਕੁੱਟਮਾਰ ਕਰ ਦਿੱਤੀ। ਇਸ ਦੇ ਬਾਅਦ ਪੁਲਸ ਮੁਲਾਜ਼ਮ ਡੀ ਕੇ ਉਮੇਸ਼ ਅਤੇ ਉਨ੍ਹਾਂ ਦੇ ਡਰਾਈਵਰ ਨੂੰ ਉਨ੍ਹਾਂ ਦੀ ਗੱਡੀ ਵਿੱਚ ਹੀ ਜਬਰੀ ਥਾਣਾ ਨੰਬਰ ਸੱਤ ਲੈ ਗਏ।

ਸੀ ਈ ਓ, ਡੀ ਕੇ ਉਮੇਸ਼ ਨੇ ਦੱਸਿਆ ਕਿ ਕੋਵਿਡ-19 ਦੇ ਕਾਰਨ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਯਤਨ ਕਰ ਰਹੇ ਹਨ ਅਤੇ ਰੋਜ਼ ਸ਼ਹਿਰ ਵਾਸੀਆਂ ਨੂੰ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕਰ ਰਹੇ ਹਨ। ਇਸਦੇ ਨਾਲ ਉਹ ਪੁਲਸ ਮੁਲਾਜ਼ਮਾਂ ਨੂੰ ਵੀ




ਨਾਕਿਆਂ ਅਤੇ ਹੋਰ ਥਾਵਾਂ ਉੱਤੇ ਲੋਕਾਂ ਨੂੰ ਕੋਵਿਡ-19 ਦੇ ਪ੍ਰੋਟੋਕਾਲਜ਼ ਦੀ ਪਾਲਣਾ ਕਰਨ ਲਈ ਜਾਗਰੂਕ ਕਰਨ ਲਈ ਕਹਿ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਕੱਲ੍ਹ ਆਪਣੇ ਡਰਾਈਵਰ ਨਾਲ ਅਰਬਨ ਅਸਟੇਟ ਫੇਜ਼-2 ਦੇ ਗੀਤਾ ਮੰਦਰ ਵੱਲੋਂ ਲੰਘ ਰਹੇ ਸਨ ਤਾਂ ਉਥੇ ਕਈ ਲੋਕ ਤੇ ਪੁਲਸ ਮੁਲਾਜ਼ਮ ਬਿਨਾਂ ਮਾਸਕ ਅਤੇ ਬਿਨਾਂ ਹੈਲਮੇਟ ਲੰਘ ਰਹੇ ਸਨ। ਉਥੋਂ ਕੁਝ ਦੂਰ ਥਾਣਾ ਨੰਬਰ ਸੱਤ ਦੀ ਪੁਲਸ ਦਾ ਨਾਕਾ ਲੱਗਾ ਹੋਇਆ ਸੀ।ਉਮੇਸ਼ ਨੇ ਦੱਸਿਆ ਕਿ ਨਾਕੇ ਉੱਤੇ ਤਾਇਨਾਤ ਏ ਐਸ ਆਈ ਵਿਨੇ ਕੁਮਾਰ ਅਤੇ ਮੁਲਾਜ਼ਮ ਸੰਦੀਪ ਕੁਮਾਰ ਅਤੇ ਸਾਹਿਲ ਨੂੰ ਉਨ੍ਹਾਂ ਗੱਡੀ ਰੋਕ ਕੇ ਕੋਵਿਡ-19 ਕਾਰਨ ਬਿਨਾਂ ਮਾਸਕ ਘੁੰਮਦੇ ਲੋਕਾਂ ਤੇ ਪੁਲਸ ਮੁਲਾਜ਼ਮਾਂ ਦੇ ਚਲਾਨ ਕੱਟਣ ਦੀ ਗੱਲ ਕਹੀ। ਉਨ੍ਹਾਂ ਦੋਸ਼ ਲਾਇਆ ਕਿ ਇਸੇ ਗੱਲ ਤੋਂ ਨਾਕੇ ਉੱਤੇ ਖੜ੍ਹੇ ਕਾਂਸਟੇਬਲ ਭੜਕ ਗਏ ਅਤੇ ਉਨ੍ਹਾਂ ਨਾਲ ਬਿਨਾਂ ਵਜ੍ਹਾ ਬਹਿਸ ਕਰਦਿਆਂ ਹੱਥੋਂਪਾਈ ਅਤੇ ਕੁੱਟਮਾਰ ਉੱਤੇ ਉਤਰ ਆਏ। ਮੁਲਾਜ਼ਮਾਂ ਨੇ ਉਲਟਾ ਉਨ੍ਹਾਂ ਉੱਤੇਕੇਸ ਦਰਜ ਕਰਨ ਦੀ ਧਮਕੀ ਦਿੱਤੀ। ਇਹ ਸਭ ਹੋਣ ਤੋਂ ਬਾਅਦ ਉਹ ਮੁਲਾਜ਼ਮ ਉਨ੍ਹਾਂ ਦੀ ਗੱਡੀ ਵਿੱਚ ਉਨ੍ਹਾਂ ਨੂੰ ਜਬਰੀ ਥਾਣਾ ਨੰਬਰ ਸੱਤ ਲੈ ਗਏ, ਜਿਸ ਤੋਂ ਬਾਅਦ ਉਨ੍ਹਾਂ ਘਟਨਾਂ ਬਾਰੇ ਥਾਣਾ ਨੰਬਰ ਸੱਤ ਦੇ ਇੰਚਾਰਜ ਰਮਨਦੀਪ ਨੂੰ ਦੱਸਿਆ ਤੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਪੁਲਸ ਮੁਲਾਜ਼ਮਾਂ ਦੇ ਖ਼ਿਲਾਫ਼ ਸ਼ਿਕਾਇਤ ਦਿੱਤੀ। ਇਸ ਪਿੱਛੋਂ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੋਵਾਂ ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਹੈ।

## ਮੋਟਰ ਸਾਈਕਲ ਸਵਾਰਾਂ ਵੱਲੋਂ ਗੋਲੀਆਂ ਮਾਰ ਕੇ ਨੌਜਵਾਨ ਦਾ ਕਤਲ

ਅੰਮ੍ਰਿਤਸਰ, 17 ਮਾਰਚ (ਪੋਸਟ ਬਿਊਰੋ)- ਇਸਲਾਮਾਬਾਦ ਥਾਣੇ ਹੇਠਲੇ ਢਪਈ ਰੋਡ ਉੱਤੇਕੱਲ੍ਹਉੱਤੇ ਮੋਟਰ ਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਸਾਹਿਲ ਨਾਂਅ ਦੇ ਨੌਜਵਾਨ ਦਾ ਕਤਲ ਕਰ ਦਿੱਤਾ ਤੇ ਵਾਰਦਾਤ ਦੇ ਬਾਅਦ ਦੋਸ਼ੀ ਗੋਲੀਆਂ ਚਲਾਉਂਦੇ ਹੋਏ ਫਰਾਰ ਹੋ ਗਏ। ਮੌਕੇ ਉੱਤੇ ਮੌਜੂਦ ਲੋਕਾਂ ਨੇ ਆਟੋ ਰਿਕਸ਼ਾ ਦਾ ਬੰਦੋਬ-ਸਤ ਕਰ ਕੇ ਸਾਹਿਲ ਨੂੰ ਸਿਵਲ ਹਸਪਤਾਲ ਪਹੁੰਚਾਇਆ। ਘਟਨਾ ਦੇ ਬਾਰੇ ਪਤਾ ਲਗਦੇ ਸਾਰ ਡੀ ਸੀ ਪੀ ਮੁਖਵਿੰਦਰ ਸਿੰਘ, ਏ ਡੀ ਸੀ ਪੀ ਹਰਪਾਲ ਸਿੰਘ ਪੁਲਸ ਦੇ ਨਾਲ ਮੌਕੇ



ਉੱਤੇ ਪਹੁੰਚੇ।

ਢਪਈ ਰੋਡ ਦੇ ਵਾਸੀ ਦਲਜੀਤ ਕੁਮਾਰ ਨੇ ਦੱਸਿਆ ਕਿ ਕੱਲ੍ਹ ਰਾਤ ਉਹ ਕੰਮ ਤੋਂ ਘਰ ਆਏ ਤਾਂ ਉਨ੍ਹਾਂ ਦਾ ਭਤੀਜਾ ਸਾਹਿਲ, ਜੋ ਮੋਬਾਈਲ ਰਿਪੇਅਰ ਦਾ ਕੰਮ ਕਰਦਾ ਹੈ, ਆਪਣੇ ਘਰ ਵਿੱਚ ਪਤਨੀ ਨਾਲ ਖਾਣਾ ਖਾ ਕੇ ਆਰਾਮ ਕਰਨ ਵਾਲਾ ਸੀ। ਇਸ ਦੌਰਾਨ ਉਸ ਦੀ ਤਬੀਅਤ ਖਰਾਬ ਹੋ ਗਈ। ਉਹ ਪਤਨੀ ਨੂੰ ਟਹਿਲਣ ਦੀ ਗੱਲ ਕਹਿ ਕੇ ਸੜਕ ਉੱਤੇਗਿਆ ਅਤੇ ਰਸਤੇ ਵਿੱਚ ਮੀਟ ਵਾਲੀ ਦੁਕਾਨ ਦੇ ਬਾਹਰ ਖੜ੍ਹਾ ਸੀ। ਇਸ ਦੌਰਾਨ ਇੱਕ ਮੋਟਰ ਸਾਈਕਲ ਉੱਤੇ ਤਿੰਨ ਨੌਜਵਾਨ ਪਹੁੰਚੇ ਅਤੇ ਮੋਟਰ ਸਾਈਕਲ ਤੋਂ ਉਤਰ ਕੇ ਦੋ ਨੌਜਵਾਨਾਂ ਨੇ ਸਾਹਿਲ ਨੂੰ ਦਬੋਚ ਲਿਆ ਤੇ ਕੁੱਟਮਾਰ ਕਰਨ ਲੱਗੇ। ਸਾਹਿਲ ਨੇ ਰੌਲਾ ਪਾਇਆ ਤਾਂ ਤੀਸਰੇ ਨੌਜਵਾਨ ਨੇ ਮੋਟਰ ਸਾਈਕਲ ਤੋਂ ਉਤਰ ਕੇ ਗੋਲੀਆਂ ਚਲਾ ਦਿੱਤੀਆਂ।

## ਇੰਟਰਨੈਟ ਮੀਡੀਆ ਦੇ ਓਹਲੇ ਚੱਲ ਰਹੇ ਹਨੀ ਟ੍ਰੈਪ ਗਿਰੋਹ ਦਾ ਪਰਦਾ ਫਾਸ਼

ਮੋਗਾ, 17 ਮਾਰਚ (ਪੋਸਟ ਬਿਊਰੋ)- ਇੰਟਰਨੈਟ ਮੀਡੀਆ ਦੀ ਆੜ ਵਿੱਚ ਚੱਲ ਰਹੇ ਹਨੀ ਟ੍ਰੈਪ ਗਿਰੋਹ ਦਾ ਸੀ ਆਈ ਏ ਸਟਾਫ ਪੁਲਸ ਨੇ ਪਰਦਾਫਾਸ਼ ਕੀਤਾ ਅਤੇ ਕੋਟਕਪੂਰਾ ਰੋਡ ਦੀ ਨੈਣਾ ਦੇਵੀ ਮੰਦਰ ਵਾਲੀ ਗਲੀ ਵਿੱਚ ਛਾਪਾ ਮਾਰ ਕੇ ਇੱਕ ਔਰਤ ਸਮੇਤ ਗੈਂਗ ਦੇ ਚਾਰ ਮੈਂਬਰਾਂ ਨੂੰ ਗ੍ਰਿਫਤਾਰ ਕਰ ਕੇ ਨੌਂ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਗ੍ਰਿਫਤਾਰ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਦੋਸ਼ੀਆਂ ਦਾ ਪੰਜ ਦਿਨ ਦਾ ਪੁਲਸ ਰਿਮਾਂਡ ਦਿੱਤਾ ਹੈ। ਮੁੱਢਲੀ ਪੁੱਛਗਿੱਛ ਵਿੱਚ ਪੁਲਸ ਨੂੰ ਪਤਾ ਲੱਗਾ ਕਿ ਗਿਰੋਹ ਦੀ ਔਰਤ ਮੈਂਬਰ ਕਿਸੇ ਵੀ ਫੇਸਬੁਕ ਫ੍ਰੈਂਡ ਨੂੰ ਮੈਸੇਜਰ ਉੱਤੇ ਮਿਸਡ ਕਾਲ ਕਰਦੀ ਸੀ। ਬੈਕ ਕਾਲ ਆਉਣ ਉੱਤੇ ਗੱਲਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਸੀ। ਦੋਸਤੀ ਹੋਣ ਉੱਤੇ ਉਹ ਜਾਲ ਵਿੱਚ ਫਸੇ ਵਿਅਕਤੀ ਨੂੰ ਇਕੱਲੇ ਬੁਲਾਉਂਦੀ ਤੇ ਜਦੋਂ ਉਹ ਆਪਣੀ ਫੇਸਬੁਕ ਫਰੈਂਡ ਕੋਲ ਪਹੁੰਚਦਾ ਤਾਂ ਕੁਝ ਲੋਕ ਆ ਕੇ ਉਸ ਦਾ ਵੀਡੀਓ ਬਣਾ ਕੇ ਫਿਰ ਉਸ ਨੂੰ ਧਮਕਾਉਂਦੇ ਅਤੇ ਬਲੈਕਮੇਲਿੰਗ ਦੀ ਖੇਡ ਸ਼ੁਰੂਹੋ ਜਾਂਦੀ ਸੀ।

ਸੀ ਆਈ ਏ ਸਟਾਫ ਦੇ ਇੰਚਾਰਜ ਇੰਸਪੈਕਟਰ ਤ੍ਰਿਲੋਚਨ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਤ ਉਹ ਬਹੋਨਾ ਚੌਕ ਦੇ ਨੇੜੇ ਸਨ ਤਾਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਨੈਣਾ ਦੇਵੀ ਮੰਦਰ ਵਾਲੀ ਗਲੀ ਵਿੱਚ ਕੁਝ ਲੋਕ ਅਮੀਰ ਲੋਕਾਂ ਨੂੰ ਜਾਲ ਵਿੱਚ ਫਸਾ ਕੇ ਬਲੈਕਮੇਲ ਕਰਦੇ ਹਨ। ਇਸ ਪਿੱਛੋਂ ਉਕਤ ਸਥਾਨ ਉੱਤੇ ਛਾਪੇਮਾਰੀ ਕਰ ਕੇ ਕਮਾਲਪੁਰਾ, ਲੁਧਿਆਣਾ ਦੇ ਮੂਲ ਵਾਸੀ ਤੇ ਇਸ ਸਮੇਂ ਵਿਸ਼ਵਕਰਮਾ ਭਵਨ, ਮੋਗਾ ਵਿੱਚ ਰਹਿੰਦੇ ਨਿਰਮਲ ਸਿੰਘ, ਰਣਸੀਂਹ ਕਲਾਂ ਦੇ ਮੱਘਰ ਸਿੰਘ, ਮੀਆਂ ਸਿੰਘ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਦੇ ਬੂਟਾ ਸਿੰਘ ਅਤੇ ਨੈਣਾ ਦੇਵੀ ਮੰਦਰ ਮੋਗਾ ਦੇ ਨੇੜੇ ਰਹਿੰਦੀ ਮਨਜੀਤ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਨਾਲ ਪਿੰਡ ਚੰਨੂਵਾਲਾ ਦੀ ਅਮਨਦੀਪ ਕੌਰ, ਨੈਣਾ ਦੇਵੀ ਮੰਦਰ ਨੇੜੇ ਸੁਖੀ ਸਿੰਘ, ਗੁਰਮੀਤ ਕੌਰ ਤੇ ਮੁੱਲਾਂਪੁਰ, ਲੁਧਿਆਣਾ ਦੇ ਇਕਬਾਲ ਸਿੰਘ ਤੇ ਕੁਲਵਿੰਦਰ ਕੌਰ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।

## ਸਹੁਰੇ ਪਰਿਵਾਰ ਨੇ ਕੁੱਟ-ਕੁੱਟ ਕੇ ਨੂੰਹ ਮਾਰ ਮੁਕਾਈ

* ਪਤੀ-ਸਹੁਰੇ ਤੇ ਨਨਾਣ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ



ਲਹਿਰਾਗਾਗਾ, 17 ਮਾਰਚ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਲਦਾਲ ਵਿਖੇ ਸਹੁਰੇ ਪਰਵਾਰ ਵੱਲੋਂ ਕੁੱਟਮਾਰ ਕਰਕੇ ਵਿਆਹੁਤਾ ਦਲਿਤ ਔਰਤ ਨੂੰ ਜਾਨੋਂ ਮਾਰਨ ਦੀ ਖ਼ਬਰ ਮਿਲੀ ਹੈ। ਮ੍ਰਿਤਕ ਔਰਤ ਦੀ ਪਛਾਣ ਕੁਲਜੀਤ ਕੌਰ ਪੁੱਤਰੀ ਕਾਕਾ ਸਿੰਘ ਵਾਸੀ ਹੰਬਲਵਾਸ ਜਖੇਪਲ ਵਜੋਂ ਹੋਈ ਹੈ। ਉਸ ਔਰਤ ਦੇ ਦੋ ਬੱਚੇ ਹਨ।

ਲਹਿਰਾਗਾਗਾ ਪੁਲਸ ਨੇ ਮ੍ਰਿਤਕ ਔਰਤ ਦੇ ਭਰਾ ਗੋਰਾ ਸਿੰਘ ਦੇ ਬਿਆਨਾਂ ਉਤੇ ਮ੍ਰਿਤਕਾ ਦੇ ਪਤੀ ਕੁਲਦੀਪ ਸਿੰਘ, ਸਹੁਰੇ ਅਮਰੀਕ ਸਿੰਘ ਵਾਸੀ ਲਦਾਲ ਤੇ ਨਨਾਣ ਮਨਪ੍ਰੀਤ ਕੌਰ ਬੱਬੂ ਪਤਨੀ ਹਰਜੀਤ ਸਿੰਘ ਵਾਸੀ ਗੁੱਜਰਾਂ ਥਾਣਾ ਦਿੜ੍ਹਬਾ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਥਾਣਾ ਮੁਖੀ ਇੰਸਪੈਕਟਰ ਵਿਜੇ ਪਾਲ ਦੇ ਮੁਤਾਬਕ ਗੋਰਾ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਹੰਬਲਵਾਸ ਜਖੇਪਲ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਛੋਟੀ ਭੈਣ ਕੁਲਜੀਤ ਕੌਰ ਮਮਤਾ ਦਾ ਵਿਆਹ 10 ਸਾਲ ਪਹਿਲਾਂ ਕੁਲਦੀਪ ਸਿੰਘ ਪੁੱਤਰ ਅਮਰੀਕਾ ਸਿੰਘ ਵਾਸੀ ਲਦਾਲ ਨਾਲ ਹੋਇਆ ਸੀ ਤੇ ਸਹੁਰਾ ਪਰਵਾਰ ਉਸਦੀ ਭੈਣ ਦੀ ਅਕਸਰ ਕੁੱਟਮਾਰ ਕਰਦਾ ਸੀ। ਗੋਰਾ ਸਿੰਘ ਨੇ ਦੱਸਿਆ ਕਿ ਉਸਦੀ ਭੈਣ ਕੁਲਜੀਤ ਕੌਰ ਨੂੰ ਸ਼ੱਕ ਸੀ ਕਿ ਉਸ ਦੇ ਪਤੀ ਕੁਲਦੀਪ ਸਿੰਘ ਦੇ ਕਿਸੇ ਗ਼ੈਰ-ਔਰਤ ਨਾਲ ਸੰਬੰਧ ਹਨ, ਜਿਸ ਤੋਂ ਉਹ ਕੁਲਦੀਪ ਨੂੰ ਰੋਕਦੀ ਸੀ। 14 ਮਾਰਚ ਸ਼ਾਮ ਨੂੰ ਉਸ ਦੀ ਭੈਣ ਕੁਲਜੀਤ ਕੌਰ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਲਹਿਰਾਗਾਗਾ ਪੁਲਸ ਦੇ ਏ ਐੱਸ ਆਈ ਜਗਸੀਰ ਸਿੰਘ ਨੇ ਸ਼ਿਕਾਇਤ ਮਿਲਣ ਪਿੱਛੋਂ ਮੌਕੇ ਉਪਰ ਜਾ ਕੇ ਜਾਂਚ ਕੀਤੀ ਅਤੇ ਕੇਸ ਦਰਜ ਕਰ ਲਿਆ ਗਿਆ ਹੈ।

## ਦੋਹਰੇ ਕਤਲ ਕੇਸ ਵਿੱਚ ਨੌਂ ਜਣਿਆਂ ਨੂੰ ਉਮਰ ਕੈਦ, ਤਿੰਨ ਬਰੀ

ਬਰਨਾਲਾ, 17 ਮਾਰਚ (ਪੋਸਟ ਬਿਊਰੋ)- ਪਿੰਡ ਜਗਜੀਤਪੁਰਾ ਵਿਖੇ ਪਲਾਟ ਦੇ ਰੌਲੇ ਵਿੱਚ 2016 ਵਿੱਚ ਹੋਈ ਦੋ ਧਿਰਾਂ ਦੀ ਲੜਾਈ ਵਿੱਚ ਦੋ ਜਣਿਆਂ ਦੇ ਕਤਲ ਦੇ ਕੇਸ ਵਿੱਚ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਅਦਾਲਤ ਨੇ ਨੌਂ ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਤਿੰਨ ਜਣਿਆਂ ਨੂੰ ਬਰੀ ਕਰਨ ਦੇ ਹੁਕਮ ਸੁਣਾਏ ਹਨ।

ਵਰਨਣ ਯੋਗ ਹੈ ਕਿ ਪਿੰਡ ਜਗਜੀਤਪੁਰਾ, ਥਾਣਾ ਸ਼ਹਿਣਾ ਵਿਖੇ ਪਲਾਟ ਤੋਂ ਹੋਈ ਦੋਵਾਂ ਧਿਰਾਂ ਦੀ ਲੜਾਈ ਦੌਰਾਨ ਗੋਲੀ ਚੱਲੀ ਸੀ ਅਤੇ ਬੰਤ ਸਿੰਘ ਤੇ ਜਗਦੇਵ ਸਿੰਘ ਦੀ ਛਾਤੀ ਅਤੇ ਮੱਥੇ ਵਿੱਚ ਗੋਲੀਆਂ ਲੱਗਣ ਕਾਰਨ ਮੌਕੇ ਉੱਤੇ ਮੌਤ ਹੋ ਗਈ ਸੀ। ਪੁਲਸ ਨੇ ਅਜੈਬ ਸਿੰਘ ਦੇ ਬਿਆਨਾਂ ਉੱਤੇ 12 ਜਣਿਆਂ ਖਿਲਾਫ ਕੇਸ ਦਰਜ ਕੀਤਾ ਸੀ।



ਕਰੀਬ ਪੰਜ ਵਰ੍ਹਿਆਂ ਬਾਅਦ ਅਦਾਲਤ ਨੇ ਨੌਂ ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਤਿੰਨ ਜਣਿਆਂ ਨੂੰ ਬਰੀ ਕਰ ਦਿੱਤਾ ਹੈ।

ਮੁਦੱਈ ਧਿਰ ਦੇ ਐਡਵੋਕੇਟ ਪੁਸ਼ਕਰ ਰਾਜ ਸ਼ਰਮਾ ਤੇ ਸਰਬਜੀਤ ਸਿੰਘ ਨੰਗਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਮਲਕੀਤ ਸਿੰਘ, ਹਰਜੀਤ ਸਿੰਘ, ਨਾਹਰ ਸਿੰਘ, ਸੁਖਵਿੰਦਰ ਸਿੰਘ, ਮੇਘ ਸਿੰਘ, ਸੁਖਚੈਨ ਸਿੰਘ, ਮਨਜੀਤ ਸਿੰਘ, ਜਗਤਾਰ ਸਿੰਘ ਤੇ ਚਰਨਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵਿੱਚੋਂ ਮਲਕੀਤ ਸਿੰਘ ਦੇ ਪਰਵਾਰ ਦੇ ਚਾਰ ਜਣਿਆਂ ਨੂੰ ਸਜ਼ਾ ਹੋਈ ਹੈ। ਇਸੇ ਕੇਸ ਵਿੱਚ ਅਦਾਲਤ ਨੇ ਦਰਬਾਰਾ ਸਿੰਘ, ਜਗਸੀਰ ਸਿੰਘ ਅਤੇ ਜਗਤਾਰ ਸਿੰਘ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ।

ਅਮਰਾਵਤੀ ਜ਼ਮੀਨੀ ਘਪਲਾ :

# ਆਂਧਰਾ ਦੇ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੂੰ ਸੀ ਆਈ ਡੀ ਜਾਂਚ ਦਾ ਨੋਟਿਸ

ਅਮਰਾਵਤੀ, 17 ਮਾਰਚ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਸੀ ਆਈ ਡੀ ਪੁਲਸ ਨੇ ਕੱਲ੍ਹ ਅਮਰਾਵਤੀ ਜ਼ਮੀਨੀ ਘਪਲੇ ਵਿੱਚ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੂੰ ਨੋਟਿਸ ਜਾਰੀ ਕੀਤਾ ਹੈ।



ਚੰਦਰ ਬਾਬੂ ਨਾਇਡੂ ਦੀ ਤੇਲੁਗੂ ਦੇਸਮ ਪਾਰਟੀ ਨੇ ਸੱਤਾਧਾਰੀ ਵਾਈ ਐਸ ਆਰ ਸੀ ਵਿਧਾਇਕ ਵੱਲੋਂ ਦਰਜ ਕਰਵਾਏ ਕੇਸ ਨੂੰ ਘਟੀਆ ਦਰਜੇ ਦੀ ਕਾਰਵਾਈ ਦੱਸਿਆ ਹੈ। ਇਹ ਕੇਸ ਐਸ-ਐਸ ਟੀ ਐਕਟ ਤੇ ਭਾਰਤੀ ਦੰਡ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਹੇਠ ਦਰਜ ਕੀਤਾ ਗਿਆ ਹੈ।ਸੀ ਆਈ ਡੀ ਦੇ ਜਾਂਚ ਅਧਿਕਾਰੀ ਇਸ ਕੇਸ ਵਿੱਚ ਚੰਦਰ ਬਾਬੂ ਨਾਇਡੂ ਦੇ ਸਾਥੀ ਦੋਸ਼ੀ ਲਕਸ਼ਮੀ ਨਾਰਾਇਣ ਰਾਓ ਅਤੇ ਚੰਦਰ ਬਾਬੂ ਨੂੰ ਨੂੰ ਪੁੱਛਗਿੱਛ ਲਈ 23 ਮਾਰਚ ਨੂੰ ਵਿਜੇਵਾੜਾ ਵਾਲੇ ਖੇਤਰੀ ਦਫ਼ਤਰ ਵਿੱਚ ਹਾਜ਼ਰ ਹੋਣ ਨੂੰ ਕਿਹਾ ਹੈ। ਸੀ ਆਈ ਡੀ ਅਧਿਕਾਰੀਆਂ ਦੀ ਇੱਕ ਟੀਮ ਹੈਦਰਾਬਾਦ ਵਿਚਲੇ ਸਾਬਕਾ ਮੁੱਖ ਮੰਤਰੀ ਦੇ ਜੁਬਲੀ ਹਿਲਜ਼ ਵਾਲੇ ਘਰ ਗਈ ਤੇ ਨੋਟਿਸ ਦਿੱਤਾ। 24 ਫਰਵਰੀ ਨੂੰ ਵਾਈ ਐਸ ਆਰ ਕਾਂਗਰਸਦੇ ਵਿਧਾਇਕ ਏ ਰਾਮਾਕ੍ਰਿਸ਼ਨ ਰੈਡੀ ਦੀ ਸ਼ਿਕਾਇਤ ਉੱਤੇਇਹ ਕੇਸ 12 ਮਾਰਚ ਨੂੰ ਦਰਜ ਕੀਤਾ ਗਿਆ ਹੈ। ਇਹ ਕੇਸ ਸਾਲ 2015 ਦਾ ਹੈ। ਛੇ ਸਾਲ ਬਾਅਦ ਦਰਜ ਹੋਈ ਸ਼ਿਕਾਇਤ ਤੋਂ ਸਿਆਸਤ ਤੇਜ਼ ਹੋ ਗਈ ਹੈ। ਤੇਲੁਗੂ ਦੇਸਮ ਪਾਰਟੀ ਦੇ ਸਾਬਕਾ ਪ੍ਰਧਾਨ ਕੇ. ਅਤਿਵਨ ਨਾਇਡੂ ਨੇ ਇਸ ਨੂੰ ਸਿਆਸੀ ਕਿੜ ਦੀ ਕਾਰਵਾਈ ਦੱਸਿਆ ਹੈ।

## ਹਾਈ ਕੋਰਟ ਵੱਲੋਂ ਸ਼ਿਵ ਕੁਮਾਰ ਉਤੇ ਤਸ਼ੱਦਦ ਦੀ ਜਾਂਚ ਦੇ ਹੁਕਮ

ਚੰਡੀਗੜ੍ਹ, 17 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਮਜ਼ਦੂਰ ਆਗੂ ਸ਼ਿਵ ਕੁਮਾਰ ਨੂੰ ਸੋਨੀਪਤ ਪੁਲਸ ਵੱਲੋਂ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਣ ਅਤੇ ਹਿਰਾਸਤ ਦੌਰਾਨ ਤਸ਼ੱਦਦ ਢਾਹੁਣ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਕੱਲ੍ਹ ਫਰੀਦਾਬਾਦ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੂੰ ਨਿਰਦੇਸ਼ ਦਿੱਤੇ ਹਨ।

ਸ਼ਿਵ ਕੁਮਾਰ ਦੇ ਪਿਤਾ ਵੱਲੋਂ ਪਾਈ ਪਟੀਸ਼ਨ ਉੱਤੇ ਜਸਟਿਸ ਅਵਨੀਸ਼ ਝਿੰਗਨ ਦੀ ਅਦਾਲਤ ਨੇ ਇਹ ਹੁਕਮ ਦਿੱਤੇ ਗਏ ਹਨ। ਪਟੀਸ਼ਨਰ ਨੇ ਸ਼ਿਵ ਕੁਮਾਰ ਦੇ ਖਿਲਾਫ ਲੱਗੀਆਂ ਕਾਨੂੰਨੀ ਧਾਰਾਵਾਂ ਤਹਿਤ ਦਰਜ ਵੱਖੋ-ਵੱਖਰੇ ਕੇਸਾਂ ਦੀ ਜਾਂਚ ਆਜ਼ਾਦ ਏਜੰਸੀ ਤੋਂ ਕਰਵਾਉਣ ਲਈ ਨਿਰਦੇਸ਼ ਦੇਣ ਦੀ ਅਪੀਲ ਕੀਤੀ ਸੀ। ਉਸ ਦੇ ਪਿਤਾ ਨੇ ਸ਼ਿਵ ਕੁਮਾਰ ਨੂੰ ਹਿਰਾਸਤ ਵਿੱਚ ਰੱਖਣ ਅਤੇ ਤਸ਼ੱਦਦ ਢਾਹੁਣ ਦੀ ਆਜ਼ਾਦ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਸੀ। ਅਦਾਲਤ ਨੇ ਸ਼ਿਵ ਕੁਮਾਰ ਦੇ ਕੇਸ ਵਿੱਚ ਹਰਿਆਣਾ ਪੁਲਸ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੂੰ ਵੀ ਜਾਂਚ ਜਾਰੀ ਰੱਖਣ ਲਈ ਕਿਹਾ ਹੈ।

# ਭਰਾ ਨੇ ਵੱਡੀ ਭੈਣ ਨੂੰ ਸੜਕ ’ਤੇ ਮਾਰ ਸੁੱਟਿਆ

ਅਹਿਮਦਾਬਾਦ, 17 ਮਾਰਚ (ਪੋਸਟ ਬਿਊਰੋ)- ਗੁਜਰਾਤ ਦੇ ਬਾਰੋਈ ਪਿੰਡ ਵਿੱਚ ਕੱਲ੍ਹ ਦੁਪਹਿਰੇ ਇੱਕ ਲੜਕੇ ਨੇ ਆਪਣੀ ਵੱਡੀ ਭੈਣ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਅਤੇ ਫਿਰ ਉਹ ਭੱਜਿਆ ਨਹੀਂ, ਖੂਨ ਨਾਲ ਲਿਬੜਿਆ ਚਾਕੂ ਲੈ ਕੇ ਉਥੇ ਘੁੰਮਦਾ ਰਿਹਾ। ਉਹ ਆਸ-ਪਾਸ ਮੌਜੂਦ ਲੋਕ ਨੂੰ ਦੱਸਦਾ ਰਿਹਾ ਕਿ ਉਸ ਦੀ ਭੈਣ ਦਾ ਕਿਸੇ ਨਾਲ ਚੱਕਰ ਸੀ, ਇਸ ਲਈ ਉਸ ਨੇ ਉਸ ਨੂੰ ਮਾਰ ਦਿੱਤਾ ਹੈ। ਕੇਸ ਦੀ ਖਬਰ ਮਿਲਦੇ ਸਾਰ ਪੁਲਸ ਮੌਕੇ ਉੱਤੇਗਈ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਇਹ ਘਟਨਾ ਮਾਰੂਤੀ ਨਗਰ ਇਲਾਕੇ ਵਿੱਚ ਹੋਈ।



ਪਤਾ ਲੱਗਾ ਹੈ ਕਿ ਲੜਕੀ ਇਥੋਂ ਲੰਘ ਰਹੀ ਸੀ, ਤਾਂ ਭਰਾ ਨੇ ਉਸ ਉੱਤੇ ਹਮਲਾ ਕਰ ਦਿੱਤਾ। ਮਰਨ ਵਾਲੀ ਲੜਕੀ ਦਾ ਨਾਂ ਰੀਨਾਬਾ ਸੀ। ਦੱਸਿਆ ਜਾਂਦਾ ਹੈ ਕਿ ਉਹ ਕਿਸੇ ਲੜਕੇ ਨਾਲ ਪਿਆਰ ਕਰਦੀ ਸੀ। ਇਹ ਗੱਲ ਉਸ ਦੇ ਭਰਾ 21 ਸਾਲਾ ਪ੍ਰੇਮਸੰਗ ਨਾਰੂਭਾ ਰਾਠੌੜ ਨੂੰ ਪਸੰਦ ਨਹੀਂ ਸੀ। ਇਸ ਕਾਰਨ ਉਹ ਆਪਣੀ ਭੈਣ ਨਾਲ ਗੁੱਸੇ ਸੀ। ਉਸ ਨੇ ਕਈ ਵਾਰ ਭੈਣ ਨੂੰ ਇਹ ਰਿਸ਼ਤਾ ਖਤਮ ਕਰਨ ਲਈ ਕਿਹਾ ਸੀ ਅਤੇ ਉਸ ਨੂੰ ਧਮਕੀ ਵੀ ਦੇ ਚੁੱਕਾ ਸੀ। ਜਦੋਂ ਪ੍ਰੇਮਸੰਗ ਨੇ ਆਪਣੀ ਭੈਣ ਦਾ ਕਤਲ ਕੀਤਾ, ਓਥੇ ਕਈ ਲੋਕ ਸਨ। ਉਨ੍ਹਾਂ ਵਿੱਚੋਂ ਕੁਝ ਘਟਨਾ ਦਾ ਵੀਡੀਓ ਬਣਾਉਂਦੇ ਰਹੇ। ਘਰਾਂ ਦੇ ਬਾਹਰ ਕੁਝ ਬੱਚੇ ਵੀ ਖੇਡ ਰਹੇ ਸਨ। ਉਨ੍ਹਾਂ ਨੂੰ ਇੱਕ ਬਜ਼ੁਰਗ ਨੇ ਘਰ ਦੇ ਅੰਦਰ ਕਰ ਦਿੱਤਾ। ਉਨ੍ਹਾਂ ਨੇ ਪ੍ਰੇਮਸੰਗ ਨੂੰ ਉਥੇ ਖੜ੍ਹੇ ਰਹਿਣ ਲਈ ਕਿਹਾ। ਜਵਾਬ ਵਿੱਚ ਪ੍ਰੇਮਸੰਗ ਨੇ ਕਿਹਾ: ਚਿੰਤਾ ਨਾ ਕਰੋ, ਜਦ ਤੱਕ ਪੁਲਸ ਨਾ ਆਈ, ਮੈਂ ਖੜ੍ਹਾ ਰਹਾਂਗਾ।

ਆਸ-ਪਾਸ ਮੌਜੂਦ ਲੋਕਾਂ ਨੇ ਦੱਸਿਆ ਕਿ ਰੀਨਾਬਾ ਮਾਰੂਤੀ ਨਗਰ ਇਲਾਕੇ ਵਿੱਚੋਂ ਜਾ ਰਹੀ ਸੀ ਤਾਂ ਪ੍ਰੇਮਸੰਗ ਉਸ ਦਾ ਪਿੱਛਾ ਕਰਦਾ-ਕਰਦਾ ਆ ਪਹੁੰ-ਚਆ। ਉਸ ਨੇ ਰੀਨਾਬਾ ਨੂੰ ਰੋਕਿਆ ਤੇ ਚਾਕੂ ਨਾਲ ਹਮਲਾ ਕਰਨ ਲੱਗਾ। ਰੀਨਾਬਾ ਖੂਨ ਨਾਲ ਲਥਪਥ ਹੋ ਕੇ ਸੜਕ ਉੱਤੇ ਡਿੱਗ ਪਈ ਤੇ ਕਾਫੀ ਦੇਰ ਤੱਕ ਤੜਫਦੀ ਰਹੀ। ਬਾਅਦ ਵਿੱਚ ਉਸ ਨੇ ਦਮ ਤੋੜ ਦਿੱਤਾ। ਪ੍ਰੇਮਸੰਗ ਉਸ ਦੀ ਲਾਸ਼ ਦੇ ਨੇੜੇ ਹੀ ਹੱਥ ਵਿੱਚ ਚਾਕੂ ਫੜੀ ਖੜ੍ਹਾ ਰਿਹਾ।

# ਕੋਰੋਨਾ ਤੇ ਸੁਰੱਖਿਆ ਕਾਰਨਾਂ ਕਰ ਕੇ ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ: ਗ੍ਰਹਿ ਰਾਜ ਮੰਤਰੀ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਰਾਜ ਮੰਤਰੀ ਜੈ ਕਿਸ਼ਨ ਰੈਡੀ ਨੇ ਕੱਲ੍ਹ ਲੋਕ ਸਭਾ ਵਿੱਚ ਕਿਹਾ ਕਿ ਪਿਛਲੇ ਮਹੀਨੇ ਸਿੱਖ ਜਥੇ ਨੂੰ ਪਾਕਿਸਤਾਨ ਫੇਰੀ ਲਈ ਇਜਾਜ਼ਤ ਨਾ ਦੇਣ ਦਾ ਮੁੱਖ ਕਾਰਨ ਉਸ ਦੇਸ਼ ਵਿੱਚ ਕੋਵਿਡ-19 ਕੇਸਾਂ ਦੀ ਵਧਦੀ ਗਿਣਤੀ ਤੇ ਜਥੇ ਵਿੱਚ ਸ਼ਾਮਲ ਭਾਰਤੀਆਂ ਦੀ ਸੁਰੱਖਿਆ ਲਈ ਖਤਰਾ ਸੀ।

ਰੈਡੀ ਨੇ ਕਿਹਾ ਕਿ 1974 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ‘ਧਾਰਮਿਕ ਅਸਥਾਨਾਂ ਦੀ ਫੇਰੀ ਲਈ ਹੋਏ ਦੁਵੱਲੇ ਸਮਝੌਤੇ ਹੇਠ ਸਿੱਖ ਜਥੇ ਸਾਲ ਵਿੱਚ ਚਾਰ ਸਮਾਗਮਾਂ: ਵਿਸਾਖੀ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ, ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ ਓਧਰ ਜਾ ਸਕਦੇ ਹਨ। ਮੰਤਰੀ ਨੇ ਕਿਹਾ ਕਿ ਪਿਛਲੇ ਮਹੀਨੇ 18 ਫਰਵਰੀ ਨੂੰ ਪਾਕਿਸਤਾਨ ਦੇ ਨਨਕਾਣਾ ਸਾਹਿਬ



ਜਾਣ ਵਾਲਾ ਤਜਵੀਜ਼ ਸ਼ੁਦਾ ਜਥਾ 1974 ਦੇ ਉਸ ਸਮਝੌਤੇ ਦੇ ਘੇਰੇ ਵਿੱਚ ਨਹੀਂ ਆਉਂਦਾ। ਸਰਕਾਰ ਕੋਲ ਮੌਜੂਦ ਜਾਣਕਾਰੀ ਮੁਤਾਬਕ ਬੀਤੇ ਸਮੇਂ ਵਿੱਚ ਵੀ ਅਜਿਹਾ ਕੋਈ ਜਥਾ ਪਾਕਿਸਤਾਨ ਨਹੀਂ ਗਿਆ। ਰੈਡੀ ਨੇ ਲਿਖਤੀ ਸਵਾਲ ਦਾ ਜਵਾਬ ਦਿੰਦਿਆਂ ਕਿਹਾ, ‘‘ਉਸ ਦੇਸ਼ ਵਿੱਚ ਕੋਵਿਡ-19 ਕੇਸਾਂ ਦੀ ਵਧਦੀ ਗਿਣਤੀ, ਫੇਰੀ ਦੌਰਾਨ ਵੱਡੀ ਗਿਣਤੀ ਭਾਰਤੀ ਨਾਗਰਿਕਾਂ ਦੀ ਰੱਖਿਆ ਤੇ ਸੁਰੱਖਿਆ ਨੂੰ ਖਤਰੇ ਅਤੇ ਕੋਵਿਡ-19 ਮਹਾਮਾਰੀ ਕਰ ਕੇ ਸਰਹੱਦ ਪਾਰੋਂ ਆਵਾਜਾਈ ਉੱਤੇ ਰੋਕ ਦੇ ਕਾਰਨ ਜਥੇ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਰੈਡੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਮੌਕੇ 1974 ਦੇ ਉਪਰੋਕਤ ਸਮਝੌਤੇ ਹੇਠ ਸਿੱਖ ਸ਼ਰਧਾਲੂਆਂ ਦਾ ਜਥਾ ਪਿਛਲੇ ਸਾਲ 28 ਨਵੰਬਰ ਤੋਂ ਇੱਕ ਦਸੰਬਰ ਲਈ ਨਨਕਾਣਾ ਸਾਹਿਬ ਗਿਆ ਸੀ। ਉਸ ਮੌਕੇ ਕੋਵਿਡ-19 ਮਹਾਮਾਰੀ ਨੂੰ ਲੈ ਕੇ ਆਇਦ ਪਾਬੰਦੀਆਂ ਕਰ ਕੇ ਸ਼ਰਧਾਲੂਆਂ ਦੀ ਗਿਣਤੀ ਸੀਮਿਤ ਸੀ।

## ਕਾਂਗਰਸ ਲੀਡਰ ਸੁਸ਼ੀਲ ਸ਼ਿੰਦੇ ਦੇ ਧੀ-ਜਵਾਈ ਦੀ ਜਾਇਦਾਦ ਈ ਡੀ ਵੱਲੋਂ ਜ਼ਬਤ

ਮੁੰਬਈ, 17 ਮਾਰਚ (ਪੋਸਟ ਬਿਊਰੋ)- ਮੈਕ ਸਟਾਰ ਕੇਸ ਦੀ ਜਾਂਚ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ) ਨੇ ਸੀਨੀਅਰ ਕਾਂਗਰਸ ਆਗੂ, ਸਾਬਕਾ ਕੇਂਦਰੀ ਮੰਤਰੀ ਤੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀ ਧੀ ਪ੍ਰੀਤੀ ਅਤੇ ਜਵਾਈ ਰਾਜ ਸ਼ਰਾਫ ਦੀਆਂ 35.48 ਕਰੋੜ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਹਨ।

ਈ ਡੀ ਅਧਿਕਾਰੀਆਂ ਨੇ ਦੱਸਿਆ ਕਿ ਪ੍ਰੀਤੀ ਅਤੇ ਰਾਜ ਸ਼ਰਾਫ ਜਿੰਦਲ ਕੰਬਾਈਨਜ਼ ਪ੍ਰਾਈਵੇਟ ਅਤੇ ਓਰਲੈਂਡੋ ਟਰੇਡਿੰਗ ਪ੍ਰਾਈਵੇਟ ਲਿਮਟਿਡ ਦੇ ਮਾਲਕ ਹਨ ਤੇ ਉਨ੍ਹਾਂ ਦੀਆਂ ਜਾਇਦਾਦਾਂ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਹੇਠਇੱਕ ਬੈਂਕ ਫਰਾਡਕੇਸ ਵਿੱਚ ਜ਼ਬਤ ਕੀਤੀਆਂ ਗਈਆਂ ਹਨ, ਜਿਸ ਵਿੱਚ ਹਾਊਸਿੰਗ ਡਿਵੈਲਪਮੈਂਟ ਇਨਫਰਾਸਟ੍ਰਕਚਰ ਲਿਮਟਿਡ (ਐਚ ਡੀ ਆਈ ਐਲ) ਅਤੇ ਹੋਰਨਾਂ ਦੇ ਪ੍ਰਮੋਟਰ ਰਾਕੇਸ਼ ਵਧਾਵਨ ਅਤੇ ਸਾਰੰਗ ਵਧਾਵਨ ਸ਼ਾਮਲਹਨ। ਅਧਿਕਾਰੀਆਂ ਨੇ ਦੱਸਿਆ ਕਿ ਜ਼ਬਤ ਹੋਈਆਂ 10,500 ਵਰਗ ਫੁੱਟ ਦੀਆਂ ਦੋ ਵਪਾਰਕ ਜਾਇਦਾਦਾਂ ਹਨ, ਜੋ ਮੁੰਬਈ ਦੇ ਅੰਧੇਰੀ-ਪੂਰਬ ਵਿੱਚ ਕਾਲੇਦੋਨੀਆ ਬਿਲਡਿੰਗ ਵਿੱਚ ਹਨ। ਈ ਡੀ ਦੀ ਜਾਂਚ ਤੋਂ ਪਤਾ ਲੱਗਾ ਕਿ ਵਧਾਵਨ ਨੇ 2014 ਵਿੱਚ ਮੈਕ



ਸਟਾਰ ਦੀ ਇੱਕ ਵਪਾਰਕ ਜਾਇਦਾਦ ਨੂੰ ਗੈਰ ਕਾਨੂੰਨੀ ਢੰਗ ਨਾਲ ਅਤੇ ਧੋਖਾਧੜੀ ਕਰ ਕੇ ਜਿੰਦਲ ਕੰਬਾਈਨਜ਼ ਪ੍ਰਾਈਵੇਟ ਲਿਮਟਿਡ ਨੂੰ 9.39 ਕਰੋੜ ਰੁਪਏ (ਅਜੋਕਾ ਅਨੁਮਾਨਤ ਮੁੱਲ 15.63 ਕਰੋੜ ਰੁਪਏ) ਵਿੱਚ ਅਤੇ ਦੂਜੀ ਜਾਇਦਾਦ 2016 ਵਿੱਚ ਓਰਲੈਂਡੋ ਟ੍ਰੇਡਿੰਗ ਪ੍ਰਾਈਵੇਟ ਲਿਮਟਿਡ ਨੂੰ 18 ਕਰੋੜ ਰੁਪਏ (ਅਜੋਕਾ ਅਨੁਮਾਨਤ ਮੁੱਲ 1984 ਕਰੋੜ ਰੁਪਏ) ਵਿੱਚ ਟਰਾਂਸਫਰ ਕੀਤਾ ਸੀ। ਦੂਜੀ ਜਾਇਦਾਦ ਲਈ ਅਜੇ ਸਿਰਫ 10 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਦੋਵੇਂ ਕੰਪਨੀਆਂ ਇਨ੍ਹਾਂ ਜਾਇਦਾਦਾਂ ਤੋਂ ਸਾਲਾਨਾ ਕ੍ਰਮਵਾਰ 1.76 ਕਰੋੜ ਤੇ 1.39 ਕਰੋੜ ਰੁਪਏ ਕਿਰਾਇਆ ਪ੍ਰਾਪਤ ਕਰ ਰਹੀਆਂ ਹਨ। ਈ ਡੀ ਨੇ ਇਹ ਜਾਂਚ ਮੁੰਬਈ ਵਿੱਚ ਸੀ ਬੀ ਆਈ (ਏ ਸੀਬੀ) ਵੱਲੋਂ ਰਾਕੇਸ਼ ਵਧਾਵਨ, ਸਾਰੰਗ ਵਧਾਵਨ ਤੇ ਹੋਰਨਾਂ ਵਿਰੁੱਧ ਦਰਜ ਕੀਤੇ ਕੇਸ ਦੇ ਆਧਾਰ ਉੱਤੇ ਸ਼ੁਰੂ ਕੀਤੀ ਸੀ। ਉਨ੍ਹਾਂ ਉੱਤੇ ਯੈਸ ਬੈਂਕ ਵੱਲੋਂ ਮੈਕ ਸਟਾਰ ਮਾਰਕੀਟਿੰਗ ਪ੍ਰਾਈਵੇਟ ਲਿਮਟਿਡ ਨੂੰ ਮਨਜ਼ੂਰ ਕੀਤੇ 200 ਕਰੋੜ ਰੁਪਏ ਦੇ ਕਰਜ਼ੇ ਦਾ ਭੁਗਤਾਨ ਦਾ ਦੋਸ਼ ਹੈ।

## ਹਿਮਾਚਲ ਦੇ ਹਿੰਦੂ ਵਿਅਕਤੀ ਦੀ ਲਾਸ਼ ਸਾਊਦੀ ਅਰਬ ਵਿੱਚ ਮੁਸਲਿਮ ਸਮਝ ਕੇ ਦਫਨਾ ਦਿੱਤੀ ਗਈ

ਸ਼ਿਮਲਾ, 17 ਮਾਰਚ (ਪੋਸਟ ਬਿਊਰੋ)- ਭਾਰਤ ਦੇ ਹਿਮਾਚਲ ਪ੍ਰਦੇਸ਼ ਵਿੱਚ ਊਨਾ ਦੇ ਵਸਨੀਕ ਹਿੰਦੂ ਵਿਅਕਤੀ ਦੀ ਲਾਸ਼ ਸਾਊਦੀ ਅਰਬ ਵਿੱਚ ਗਲਤੀ ਨਾਲ ਮੁਸਲਿਮ ਰੀਤੀ-ਰਿਵਾਜ ਨਾਲ ਦਫਨਾ ਦਿੱਤੀ ਗਈ।

ਮ੍ਰਿਤਕ ਦੀ ਪਤਨੀ ਨੇ ਦਿੱਲੀ ਹਾਈਕੋਰਟ ਦਾ ਦਰਵਾਜ਼ਾ ਖੜਕਾ ਕੇ ਬੇਨਤੀ ਕੀਤੀ ਹੈ ਕਿ ਉਹ ਵਿਦੇਸ਼ ਮੰਤਰਾਲੇ ਨੂੰ ਲਾਸ਼ ਦੀਆਂ ਅਸਥੀਆਂ ਭਾਰਤ ਲਿਆਉਣ ਦਾ ਹੁਕਮ ਦੇਣ। ਭਾਰਤੀ ਨਾਗਰਿਕ ਸੰਜੀਵ ਕੁਮਾਰ ਤਿੰਨ ਸਾਲ ਤੋਂ ਸਾਊਦੀ ਅਰਬ ਵਿੱਚ ਸੀ,ਜਿਸ ਦੀ ਦਿਲ ਦੀ ਧੜਕਣ ਰੁਕ ਜਾਣ ਨਾਲ 24 ਜਨਵਰੀ ਨੂੰ ਸਾਊਦੀ ਅਰਬ ਵਿੱਚ ਮੌਤ ਹੋ ਗਈ ਸੀ। ਮ੍ਰਿਤਕ ਦੀ ਪਤਨੀ ਅੰਜੂ ਸ਼ਰਮਾ ਨੇ ਅਰਜ਼ੀ ਵਿੱਚ ਕਿਹਾ ਕਿ ਉਨ੍ਹਾਂ ਦੇ ਪਤੀ ਦੀ ਮੌਤ ਪਿੱਛੋਂਪ੍ਰਸ਼ਾਸਨ ਨੂੰ ਲਾਸ਼ ਨੂੰ ਭਾਰਤ ਲਿਆਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ, ‘‘ਹੈਰਾਨੀ ਵਾਲੀ ਗੱਲ ਇਹ ਸੀ ਕਿ 18 ਫਰਵਰੀ ਨੂੰ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਾਊਦੀ ਅਰਬ ਵਿੱਚ ਉਨ੍ਹਾਂ ਦੇ ਪਤੀ ਦੀ ਲਾਸ਼ ਦਫਨਾ ਦਿੱਤੀ ਗਈ ਹੈ, ਜਦਕਿ ਪਰਵਾਰ ਦੇ ਮੈਂਬਰ ਭਾਰਤ ਵਿੱਚ ਲਾਸ਼ ਲਿਆਉਣ ਦੀ ਉਡੀਕ ਕਰ ਰਹੇ ਸੀ। ਭਾਰਤੀ ਦੂਤਘਰ ਦੇ ਅਧਿਕਾਰੀਆਂ ਦੱਸਿਆ ਕਿ ਇਹ ਵਪਾਰ ਕੌਂਸਲੇਟ ਦੇਇਕ ਅਧਿਕਾਰੀ ਦੀ ਗਲਤੀ ਸੀ, ਜਿਸ ਨੇ ਮ੍ਰਿਤਕ ਦੇ ਸਰਟੀਫਿਕੇਟ ਵਿੱਚ ਸੰਜੀਵ ਦਾ ਧਰਮ ਗਲਤੀ ਨਾਲ ਮੁਸਲਿਮ ਲਿਖ ਦਿੱਤਾ ਸੀ। ਇਹ ਮੁੱਦਾ ਹਿਮਾਚਲ ਪ੍ਰਦੇਸ਼ ਦੇ ਕਾਂਗਰਸ ਵਿਧਾਇਕ ਸਤਪਾਲ ਸਿੰਘ ਰਾਏਜਾਦਾ ਨੇ ਵਿਧਾਨਸਭਾ ਵਿੱਚ ਉਠਾਇਆ ਤਾਂ ਮੁੱਖਮੰਤਰੀ ਜੈਰਾਮ ਠਾਕੁਰ ਨੇ ਕਿਹਾ ਕਿ ਉਹ ਇਸ ਬਾਰੇ ਵਿਦੇਸ਼ ਮੰਤਰਾਲੇ ਨਾਲ ਗੱਲ ਕਰਨਗੇ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਰਾਜ ਸਰਕਾਰ ਸੰਜੀਵ ਦਾ ਮ੍ਰਿਤਕ ਸਰੀਰ ਭਾਰਤ ਲਿਆਉਣ ਲਈ ਚਾਰਾਜੋਈ ਕਰੇਗੀ।

# ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ 30 ਸ਼ਹਿਰਾਂ ਵਿੱਚੋਂ 22 ਭਾਰਤ ਦੇ ਨਿਕਲੇ

ਨਵੀਂ ਦਿੱਲੀ, 17 ਮਾਰਚ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ 30 ਸ਼ਹਿਰਾਂ ਵਿੱਚੋਂ 22 ਭਾਰਤ ਵਿੱਚ ਹਨ। ਇਹੀ ਨਹੀਂ, ਦਿੱਲੀ ਦੁਨੀਆ ਦੀਆਂ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀਆਂ ਦੀ ਸੂਚੀ ਵਿੱਚ ਸਿਖਰ ਉੱਤੇ ਹੈ।

ਸਵਿਸ ਸੰਗਠਨ ‘ਆਈ ਕਿਊ ਏਅਰ’ ਵੱਲੋਂ ਬਣਾਈ ‘ਵਰਲਡ ਏਅਰ ਕੁਆਲਿਟੀ ਰਿਪੋਰਟ 2020’ ਵਿੱਚ ਇਹ ਗੱਲ ਕਹੀ ਗਈ ਹੈ। ਸਾਲ 2019 ਦੇ ਮੁਕਾਬਲੇ 2020 ਵਿੱਚ ਦਿੱਲੀ ਦੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਦੇ ਬਾਵਜੂਦ ਦਿੱਲੀ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ 10ਵੇਂ ਨੰਬਰ ਉੱਤੇ ਹੈ। ਰਾਜਧਾਨੀਆਂ ਵਿੱਚੋਂ ਇਹ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਹੈ। ਰਿਪੋਰਟਮੁਤਾਬਕ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦੇਸ਼ਾਂ ਦੀ ਸੂਚੀ ਵਿੱਚ ਭਾਰਤ ਬਹੁਤ ਉਪਰ ਨਜ਼ਰ ਆਉਂਦਾ ਹੈ। ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ 30 ਸ਼ਹਿਰਾਂ ਵਿੱਚੋਂ 22 ਭਾਰਤ ਵਿੱਚ ਹਨ। ਦਿੱਲੀ ਦੇ ਨਾਲ 21 ਹੋਰ ਸ਼ਹਿਰਾਂ: ਗਾਜ਼ੀਆਬਾਦ, ਬੁਲੰਦਸ਼ਹਿਰ, ਬਿਸਰਖ ਜਲਾਲਪੁਰ, ਨੋਇਡਾ, ਗ੍ਰੇਟਰ ਨੋਇਡਾ, ਕਾਨਪੁਰ, ਲਖਨਊ, ਮੇਰਠ, ਆਗਰਾ, ਮੁਜ਼ੱਫਰਨਗਰ (ਸਭ ਸ਼ਹਿਰ ਯੂ ਪੀ ਦੇ), ਭਿਵਾੜੀ (ਰਾਜਸਥਾਨ), ਫਰੀਦਾਬਾਦ, ਜੀਂਦ, ਹਿਸਾਰ, ਫਤਿਹਾਬਾਦ, ਬੰਧਵਾੜੀ, ਗੁਰੂਗ੍ਰਾਮ, ਯਮੁਨਾਨਗਰ, ਰੋਹਤਕ (ਹਰਿਆਣਾ ਦੇ) ਅਤੇ ਧਾਰੂਹੇੜਾ ਤੇ ਮੁਜ਼ੱਫਰਪੁਰ (ਬਿਹਾਰ) ਸ਼ਾਮਲ ਹਨ। ਇਸ ਰਿਪੋਰਟ ਮੁਤਾਬਕ ਦੁਨੀਆ ਵਿੱਚ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਚੀਨ ਦਾ ਸ਼ਿੰਜਿਆਂਗ ਹੈ। ਉਸ ਤੋਂ ਬਾਅਦ 9 ਸ਼ਹਿਰ ਭਾਰਤ ਦੇ ਹਨ। ਗਾਜ਼ੀਆਬਾਦ ਦੂਜੇ ਨੰਬਰ ਉੱਤੇ ਹੈ।ਉਸ ਪਿੱਛੋਂ ਬੁਲੰਦਸ਼ਹਿਰ ਬਿਸਰਖ ਜਲਾਲਪੁਰ, ਨੋਇਡਾ, ਗ੍ਰੇਟਰ ਨੋਇਡਾ, ਕਾਨਪੁਰ, ਲਖਨਊ, ਭਿਵਾੜੀ ਦਾ ਨੰਬਰ ਹੈ। ਇਨ੍ਹਾਂ ਸ਼ਹਿਰਾਂ ਵਿੱਚ ਪ੍ਰਦੂਸ਼ਣ ਦਾ ਪੱਧਰ ਈ ਐਮ 2.5 ਦੇ ਅਧਾਰ ਉੱਤੇਮਿਣਿਆ ਹੈ।ਭਾਰਤ ਵਿੱਚ ਪ੍ਰਦੂਸ਼ਣ ਦੇ ਮੁੱਖ ਕਾਰਨ ਟਰਾਂਸਪੋਰਟ, ਭੋਜਨ ਪਕਾਉਣ ਲਈ ਬਾਲਣ ਨੂੰ ਸਾੜਨਾ, ਬਿਜਲੀ ਦਾ ਉਤਪਾਦਨ, ਉਦਯੋਗ, ਵੀ-ਨਿਰਮਾਣ ਕੰਮ ਅਤੇ ਸਮੇਂ-ਸਮੇਂਪਰਾਲੀ ਨੂੰ ਸਾੜਨਾ ਆਦਿ ਹਨ।

# ਭਾਰਤ ਵਿੱਚ ਆਜ਼ਾਦੀ ’ਤੇ ਪਾਬੰਦੀਆਂ ਬਾਰੇ ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਚਰਚਾ

ਲੰਡਨ, 17 ਮਾਰਚ (ਪੋਸਟ ਬਿਊਰੋ)- ਬਰਤਾਨੀਆ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਹਾਊਸ ਆਫ ਲਾਰਡਜ਼ ਵਿੱਚ ਮੈਂਬਰਾਂ ਨੇ ਕੱਲ੍ਹ ਭਾਰਤ ਵਿਚਲੀਆਂ ਗੈਰ ਸਰਕਾਰੀ ਸੰਸਥਾਵਾਂ, ਅਕਾਦਮੀਆਂ ਤੇ ਹੋਰ ਗਰੁੱਪਾਂ ਦੀ ਆਜ਼ਾਦੀ ਦੇ ਮੁੱਦੇ ਉੱਤੇ ਚਰਚਾ ਕੀਤੀ ਅਤੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਤੋਂ ਮੰਗ ਕੀਤੀ ਕਿ ਉਹ ਅਗਲੇ ਮਹੀਨੇ ਭਾਰਤ ਦੀ ਫੇਰੀ ਦੌਰਾਨ ਆਪਣੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਇਹ ਮੁੱਦਾ ਜ਼ਰੂਰ ਚੁੱਕਣ।



ਉਪਰਲੇ ਸਦਨ ਵਿੱਚ ਕਰਾਸ-ਬੈਂਚ ਤੋਂ ਪਾਰਲੀਮੈਂਟ ਮੈਂਬਰ ਲਾਰਡ ਰਿਚਰਡ ਹੈਰਿਸ ਨੇ ‘ਭਾਰਤ-ਆਜ਼ਾਦੀ ਉੱਤੇ ਪਾਬੰਦੀਆਂ’ ਦੇ ਮੁੱਦੇ ਉੱਤੇ ਬਹਿਸ ਦਾ ਸੱਦਾ ਦਿੱਤਾ ਸੀ ਅਤੇ ਬ੍ਰਿਟਿਸ਼ ਮੰਤਰੀ ਲਾਰਡ ਜ਼ੈਕ ਗੋਲਡਸਮਿੱਥ ਨੇ ਸਰਕਾਰ ਵੱਲੋਂ ਭਾਰਤ ਤੇ ਬਰਤਾਨੀਆ ਵਿਚਾਲੇ ਨਜ਼ਦੀਕੀ ਰਿਸ਼ਤਿਆਂ ਦਾ ਹਵਾਲਾ ਦੇ ਕੇ ਕਿਹਾ ਕਿ ਇਹ ਰਿਸ਼ਤੇ ਬਰਤਾਨੀਆ ਨੂੰ ਭਾਰਤ ਕੋਲ ਇਹ ਮਸਲਾ ਚੁੱਕਣ ਦੀ ਇਜਾਜ਼ਤ ਦਿੰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਤੇ ਬ੍ਰਿਟੇਨ ਦੇ ਰਿਸ਼ਤੇ ਬਹੁਤ ਗਹਿਰੇ ਤੇ ਵੱਡੇ ਹਨ ਤੇ ਦੋਵਾਂ ਦੇਸ਼ਾਂ ਦੇ ਚੰਗੇ ਕਾਰੋਬਾਰੀ ਸਬੰਧ ਵੀ ਹਨ। ਉਨ੍ਹਾਂ ਕਿਹਾ, ‘ਸਾਡਾ ਨਜ਼ਰੀਆ ਹਮੇਸ਼ਾ ਭਾਰਤ ਸਰਕਾਰ ਕੋਲ ਕੋਈ ਵੀ ਮੁੱਦਾ ਸਿੱਧਾ ਚੁੱਕਣ ਦਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦੇ ਮੁੱਦੇ ਉੱਤੇ ਅਸੀਂ ਭਾਰਤ ਨਾਲ ਸਿੱਧੀ ਵਾਰਤਾ ਜਾਰੀ ਰੱਖਾਂਗੇ ਅਤੇ ਮੰਤਰਾਲਾ ਪੱਧਰ ਤੋਂ ਇਲਾਵਾ ਜਿਵੇਂ ਵੀ ਹੋ ਸਕਿਆ, ਭਾਰਤ ਕੋਲ ਆਪਣੀ ਆਵਾਜ਼ ਚੁੱਕਦੇ ਰਹਾਂਗੇ।"ਉਨ੍ਹਾਂ ਕਿਹਾ, ‘‘ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਜਲਦੀ ਭਾਰਤ ਜਾ ਰਹੇ ਹਨ। ਭਾਰਤ ਸਰਕਾਰ ਨਾਲ ਦੁਵੱਲੇ ਤੇ ਬਹੁ-ਪੱਖੀ ਮੁੱਦਿਆਂ ਉੱਤੇ ਚਰਚਾ ਦਾ ਇਹ ਵੱਡਾ ਮੌਕਾ ਹੈ। ਸਾਡੇ ਕੁਝ ਵਿਸ਼ੇਸ਼ ਮਸਲੇ ਵੀ ਹਨ, ਪਰ ਪ੍ਰਧਾਨ ਮੰਤਰੀ ਭਾਰਤ 'ਚ ਆਜ਼ਾਦੀ ਉੱਤੇ ਪਾਬੰਦੀਆਂ ਬਾਰੇ ਮਸਲਾ ਆਪਣੇ ਭਾਰਤੀ ਹਮਰੁਤਬਾ ਕੋਲ ਜ਼ਰੂਰ ਚੁੱਕਣ-ਗੇ।"

ਇਸ ਚਰਚਾ ਦੌਰਾਨ ਅੱਠ ਪਾਰਲੀਮੈਂਟ ਮੈਂਬਰਾਂ ਨੇ ਜੌਹਨਸਨ ਦੀ ਅਗਵਾਈ ਹੇਠਲੀ ਇਸ ਸਰਕਾਰ ਨੂੰ ਭਾਰਤ 'ਚ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦਾ ਦਫਤਰ ਬੰਦ ਹੋਣ ਅਤੇ ਇਸ ਦੇ ਬੈਂਕ ਖਾਤਿਆਂ ਨਾਲ ਲੈਣ-ਦੇਣ ਰੋਕੇ ਜਾਣ, ਕਸ਼ਮੀਰ ਦੀ ਸਥਿਤੀ, ਪੱਤਰਕਾਰਾਂ ਨੂੰ ਕੈਦ ਕਰਨ, ਗੈਰ ਹਿੰਦੂ ਘੱਟ ਗਿਣਤੀਆਂ, ਦਲਿਤ ਕਾਰਕੁਨਾਂ, ਐਨ ਜੀ ਓ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਖਿਲਾਫ ਮੁਹਿੰਮ ਛੇੜਨ ਵਾਲਿਆਂ ਖਿਲਾਫ ਕੇਸ ਦਰਜ ਕੀਤੇ ਜਾਣ ਦੇ ਡਰ ਜਿਹੇ ਮਸਲੇ ਚੁੱਕਣ ਦੀ ਅਪੀਲ ਕੀਤੀ। ਕਸ਼ਮੀਰ ਮਸਲੇ ਉੱਤੇਬ੍ਰਿਟੇਨ ਸਰਕਾਰ ਦਾ ਕਹਿਣਾ ਹੈ ਕਿ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ। ਵਰਨਣ ਯੋਗ ਹੈ ਕਿ ਇੱਕ ਹਫਤਾ ਪਹਿਲਾਂ ਬਰਤਾਨਵੀ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ਼ ਦੇ ਕਮੇਟੀ ਰੂਮ ਵਿੱਚ ਭਾਰਤ ਦੇ ਖੇਤੀ ਸੁਧਾਰਾਂ ਨੂੰ ਲੈ ਕੇ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੇ ਮੁੱਦੇ ਉੱਤੇ ਚਰਚਾ ਹੋਈ ਸੀ। ਭਾਰਤ ਨੇ ਇਸ ਮਗਰੋਂ ਬਰਤਾਨੀਆ ਨੂੰ ਕਿਹਾ ਸੀ ਕਿ ਉਸ ਦੇ ਪਾਰਲੀਮੈਂਟ ਮੈਂਬਰਾਂ ਨੂੰ ਖਾਸ ਤੌਰ ਉੱਤੇ ਹੋਰਨਾਂ ਜਮਹੂਰੀ ਦੇਸ਼ਾਂ ਨਾਲ ਸੰਬੰਧਾਂ ਵਿੱਚ ਵੋਟ ਬੈਂਕ ਦੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ।

ਕਿਮ ਜੋਂਗ ਦੀ ਬਾਈਡਨ ਨੂੰ ਚਿਤਾਵਨੀ :

# ਜੇ ਅਮਰੀਕਾ 4 ਸਾਲ ਸ਼ਾਂਤੀ ਨਾਲ ਸੌਣਾ ਚਾਹੁੰਦਾ ਹੈ ਤਾਂ ਵਿਵਾਦ ਵਾਲੇ ਕੰਮਾਂ ਤੋਂ ਦੂਰ ਰਹੇ

ਸਿਯੋਲ, 17 ਮਾਰਚ (ਪੋਸਟ ਬਿਊਰੋ)- ਉਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ ਦੀ ਬਹੁਤ ਸ਼ਕਤੀਸ਼ਾਲੀ ਭੈਣ ਕਿਮ ਯੋ ਜੋਂਗ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ।

ਇਸ ਚਿਤਾਵਨੀ ਮੁਤਾਬਕ ਜੇ ਅਮਰੀਕਾ ਚਾਰ ਸਾਲ ਸ਼ਾਂਤੀ ਨਾਲ ਸੌਣਾ ਚਾਹੁੰਦਾ ਹੈ ਤਾਂ ਵਿਵਾਦ ਪੈਦਾ ਕਰਨ ਵਾਲੇ ਕਦਮਾਂ ਤੋਂ ਦੂਰ ਰਹੇ। ਕਿਮ ਯੋ ਜੋਂਗ ਦਾ ਇਹ ਬਿਆਨ ਓਦੋਂ ਸਾਹਮਣੇ ਆਇਆ ਹੈ ਜਦੋਂ ਅਮਰੀਕਾ ਦੇ ਵਿਦੇਸ਼ ਮੰਤਰੀ ਪਹਿਲੀ ਵਾਰ ਦੱਖਣੀ ਕੋਰੀਆ ਅਤੇ ਜਾਪਾਨ ਦੀ ਯਾਤਰਾ ਉੱਤੇ ਇਸ ਹਫ਼ਤੇ ਜਾ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਯਾਤਰਾ ਦੌਰਾਨ ਉਤਰੀ ਕੋਰੀਆ ਦੇ ਐਟਮੀ ਪ੍ਰੋਗਰਾਮ ਉੱਤੇ ਚਰਚਾ ਹੋ ਸਕਦੀ



ਹੈ।ਉਤਰੀ ਕੋਰੀਆ ਦੀ ਸਰਕਾਰੀ ਖਬਰ ਏਜੰਸੀ ਕੇ ਸੀ ਐਨ ਏ ਨੇ ਦੱਸਿਆ ਕਿ ਕਿਮ ਯੋ ਜੋਂਗ ਨੇ ਅਮਰੀਕਾ ਅਤੇ ਦੱਖਣੀ ਕੋਰੀਆ ਦੇ ਸਾਂਝੇ ਮਿਲਟਰੀ ਅਭਿਆਸ ਦੀ ਵੀ ਤਿੱਖੀ ਆਲੋਚਨਾ ਕੀਤੀ। ਕਿਮ ਜੋਂਗ ਉਨ ਨੇ ਸਰਕਾਰੀ ਅਖ਼ਬਾਰ ਰੋਡੋਂਗ ਸਿਨਮੁਨ ਨਾਲ ਗੱਲਬਾਤ ਵਿੱਚ ਕਿਹਾ, ‘‘ਅਮਰੀਕਾ ਦੇ ਨਵੇਂ ਪ੍ਰਸ਼ਾਸਨ ਨੂੰ ਇਹ ਸਲਾਹ ਹੈ, ਜੋ ਇਲਾਕੇ ਵਿੱਚ ਸਾਡੀ ਜ਼ਮੀਨ ਉੱਤੇ ਬਾਰੂਦ ਫੈਲਾਉਣਾ ਚਾਹੁੰਦਾ ਹੈ।" ਉਨ੍ਹਾਂ ਕਿਹਾ, ‘‘ਜੇ ਅਮਰੀਕਾ ਅਗਲੇ ਚਾਰ ਸਾਲਾਂ ਲਈ ਸ਼ਾਂਤੀ ਨਾਲ ਸੌਣਾ ਚਾਹੁੰਦਾ ਹੈ ਤਾਂ ਉਸ ਲਈ ਚੰਗਾ ਹੋਵੇਗਾ ਕਿ ਉਹ ਪਹਿਲੇ ਕਦਮ ਦੇ ਰੂਪ ਵਿੱਚ ਅਜਿਹੀ ਕਾਰਵਾਈ ਤੋਂ ਦੂਰ ਰਹੇ।"

## ਨੇਪਾਲ ਦੀ ਰਾਸ਼ਟਰਪਤੀ ਨੇ ‘ਸਿਆਸੀ ਸੰਕਟ’ਬਾਰੇ ਬੈਠਕ ਬੁਲਾਈ

ਕਾਠਮੰਡੂ, 17 ਮਾਰਚ (ਪੋਸਟ ਬਿਊਰੋ)- ਨੇਪਾਲ ਦੀ ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਨੇ ਇਸ ਦੇਸ਼ ਵਿੱਚ ਜਾਰੀ ਸਿਆਸੀ ਸੰਕਟ ਦੇ ਹੱਲ ਲਈ ਕੱਲ੍ਹ ਸਰਬ ਪਾਰਟੀ ਬੈਠਕ ਬੁਲਾਈ ਸੀ, ਜਿਸ ਦਾ ਦੇਸ਼ ਦੇ ਤਿੰਨ ਸਾਬਕਾ ਪ੍ਰਧਾਨ ਮੰਤਰੀ ਨੇ ਬਾਈਕਾਟ ਕਰ ਦਿੱਤਾ ਅਤੇ ਕੋਈ ਗੱਲ ਅੱਗੇ ਨਹੀਂ ਤੁਰ ਸਕੀ। ਰਿਪੋਰਟ ਮੁਤਾਬਕ ਰਾਸ਼ਟਰਪਤੀ ਵੱਲੋਂ ਸ਼ੀਤਲ ਨਿਵਾਸ ਵਿੱਚ ਬੁਲਾਈ ਗਈ ਬੈਠਕ ਵਿੱਚ ਸਾਬਕਾ ਪ੍ਰਧਾਨ ਮੰਤਰੀ ਬਾਬੂਰਾਮ ਭੱਟਾਰਾਈ, ਮਾਧਵ ਕੁਮਾਰ ਨੇਪਾਲ ਅਤੇ ਝਾਲਾ ਨਾਥ ਖਨਾਲ ਸ਼ਾਮਲ ਨਹੀਂ ਹੋਏ। ਤਿੰਨਾਂ ਨੇਤਾਵਾਂ ਨੇ ਨੇਪਾਲ ਕਮਿਊਨਿਸਟ ਪਾਰਟੀ ਦੇ ਵਿਵਾਦ ਵਿੱਚ ਭੰਡਾਰੀ ਦੀ ਭੂਮਿਕਾ ਬਾਰੇ ਸਵਾਲ ਖੜ੍ਹੇ ਕੀਤੇ। ਖਨਾਲ ਅਤੇ ਮਾਧਵ ਸੱਤਾਧਾਰੀ ਕਮਿਊਨਿਸਟ ਪਾਰਟੀ ਆਫ ਨੇਪਾਲ ਦੇ ਬਾਗੀ ਧੜ੍ਹੇ ਨਾਲ ਸੰਬੰਧਤ ਹਨ ਅਤੇ ਭੱਟਾਰਾਈ ਜਨਤਾ ਸਮਾਜਵਾਦੀ ਪਾਰਟੀ ਦੀ ਫੈਡਰਲ ਕੌਂਸਲ ਦੇ ਪ੍ਰਮੁੱਖ ਹਨ। ਸਾਬਕਾ ਪ੍ਰਧਾਨ ਮੰਤਰੀਆਂ ਨੇ ਜਨਤਕ ਤੌਰ ਉੱਤੇ ਦੋਸ਼ ਲਗਾਇਆ ਕਿ ਰਾਸ਼ਟਰਪਤੀ ਭੰਡਾਰੀ ਸੰਵਿਧਾਨ ਅਨੁਸਾਰਆਪਣੀ ਭੂਮਿਕਾ ਨਿਭਾਉਣ ਤੋਂ ਨਾਕਾਮ ਰਹੀ ਹੈ ਅਤੇ ਇਹ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੇ ਗੈਰ ਸੰਵੈਧਾਨਿਕ ਕਦਮਾਂ ਦਾ ਸਮਰਥਨ ਕਰਦੀ ਰਹੀ ਹੈ। ਓਲੀ ਨੇ ਦਸੰਬਰ ਵਿੱਚ ਪਾਰਲੀਮੈਂਟ ਭੰਗ ਕਰ ਦਿੱਤੀ ਸੀ।ਕੱਲ੍ਹ ਇਸ ਬੈਠਕ ਵਿੱਚ ਪ੍ਰਧਾਨ ਮੰਤਰੀ ਕੇ ਪੀ ਸ਼ਰਮਾਓਲੀ, ਨੇਪਾਲ ਕਮਿਊਨਿਸਟ ਪਾਰਟੀ (ਮਾਓਵਾਦੀ ਕੇਂਦਰ) ਦੇ ਸੀਨੀਅਰ ਪੁਸ਼ਪ ਕਮਲ ਦਹਿਲ ‘ਪ੍ਰਚੰਡ’, ਪਾਰਟੀ ਦੇ ਪ੍ਰਧਾਨ ਮਹੰਤ ਠਾਕੁਰ ਅਤੇ ਮੰਤਰੀ ਕੌਂਸਲ ਦੇ ਸਾਬਕਾ ਪ੍ਰਧਾਨ ਖਿਲ ਰਾਜ ਰੇਜਮੀ ਸ਼ਾਮਲ ਹੋਏ।

## ਪੁਰਾਣੀ ਚਾਕਲੇਟ ਬਣਾਉਣ ਵਾਲੀ ਕੰਪਨੀ ਇੰਗਲੈਂਡ ਵਿੱਚ ਆਪਣੇ ਸਾਰੇ ਸਟੋਰ ਬੰਦ ਕਰਨ ਲੱਗੀ

ਲੰਡਨ, 17 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਂਮਾਰੀ ਨੇ ਇੰਗਲੈਂਡ 'ਚ ਕਾਰੋਬਾਰਾਂ ਨੂੰ ਵੱਡੇ ਪੱਧਰ ਉੱਤੇ ਨੁਕਸਾਨ ਪਹੁੰਚਾਇਆ ਹੈ। ਕਈ ਕਾਰੋਬਾਰ ਇਸ ਕਾਰਨ ਬੰਦ ਹੋਏ ਹਨ।

100 ਸਾਲ ਤੋਂ ਵੱਧ ਸਮੇਂ ਤੋਂ ਪੁਰਾਣੀ ਚਾਕਲੇਟ ਕੰਪਨੀ ਥੋਰਨਟਨ ਨੇ ਇੰਗਲੈਂਡ ਦੇ ਆਪਣੇ ਸਾਰੇ ਸਟੋਰਾਂ ਨੂੰ ਪੱਕੇ ਤੌਰ ਉੱਤੇ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹ ਚਾਕਲੇਟ ਵਿਕਰੇਤਾ ਕੰਪਨੀ ਆਪਣੇ 60 ਸਟੋਰ ਬੰਦ ਕਰੇਗੀ, ਜਿਸ ਨਾਲ 603 ਨੌਕਰੀਆਂ ਖੁੱਸ ਹੋਣਗੀਆਂ। ਚਾਕਲੇਟ ਬਣਾਉਣ ਦੇ 110 ਸਾਲਾਂ ਬਾਅਦ ਥੌਰਨਟਨ ਨੂੰ ਇਹ ਕਦਮ ਪੁੱਟਣਾ ਪੈ ਰਿਹਾ ਹੈ। ਕੰਪਨੀ ਅਨੁਸਾਰ ਇਸ ਨੇ ਮਹਾਂਮਾਰੀ ਕਾਰਨ ਆਨਲਾਈਨ ਵਿਕਰੀ ਦਾ ਵਾਧਾ ਵੇਖਿਆ ਅਤੇ ਇਹ ਅੱਜ ਕੰਪਨੀ ਹਿੱਸੇਦਾਰੀ ਵੱਜੋਂ ਕਰਿਆਨੇ ਦੀ ਸਪਲਾਈ ਦੇ ਕਾਰੋਬਾਰ 'ਚ ਨਿਵੇਸ਼ ਕਰੇਗੀ। ਕੰਪਨੀ ਦੇ ਰਿਟੇਲ ਡਾਇਰੈਕਟਰ ਐਡਮ ਗੌਡਾਰਡ ਦੇ ਅਨੁਸਾਰ ਕੋਰੋਨਾ ਦੇ ਪ੍ਰਭਾਵ ਅਤੇ ਪਿਛਲੇ ਸਾਲ ਤੋਂ ਤਾਲਾਬੰਦੀ ਪਾਬੰਦੀਆਂ ਕਾਰਨ ਕੰਪਨੀ ਚੁਣੌਤੀਆਂ ਵਾਲੇ ਹਾਲਾਤ 'ਚੋਂ ਲੰਘ ਰਹੀ ਹੈ। ਇਸ ਕੰਪਨੀ ਦੀ ਸਥਾਪਨਾ 1911 ਵਿੱਚ ਜੋਸਫ ਵਿਲੀਅਮ ਥਰਨਟਨ ਨੇ ਸ਼ੈਫੀਲਡ 'ਚ ਇੱਕ ਦੁਕਾਨ ਖੋਲ੍ਹ ਕੇ ਕੀਤੀ ਸੀ ਅਤੇ ਇਸ ਨੂੰ ਇਟਲੀ ਦੀ ਇੱਕ ਕੰਪਨੀ ਫਰੈਰੋ ਨੇ 2015 ਵਿੱਚ 112 ਮਿਲੀਅਨ ਪੌਂਡ ਵਿੱਚ ਖਰੀਦਿਆ ਸੀ, ਇਸ ਦੀ ਯੂ ਕੇ 'ਚ ਵੀ ਚਾਕਲੇਟ ਬਣਾਉਣ ਵਾਲੀ ਵੱਡੀ ਚੇਨ ਸੀ।

## ਲਾਹੌਰ ਸ਼ਾਹੀ ਕਿਲ੍ਹੇ ਵਿੱਚ ਉਸਾਰੀ ਦੌਰਾਨ 400 ਸਾਲ ਪੁਰਾਣੀ ਸੁਰੰਗ ਮਿਲੀ

ਲਾਹੌਰ, 17 ਮਾਰਚ (ਪੋਸਟ ਬਿਊਰੋ)- ਏਥੋਂ ਦੇ ਸ਼ਾਹੀ ਕਿਲ੍ਹੇ 'ਚ ਉਸਾਰੀ ਅਤੇ ਮੁਰੰਮਤ ਦੇ ਕੰਮ ਦੌਰਾਨ ਲੱਗਭਗ 400 ਸਾਲ ਪੁਰਾਣੀ ਸੁਰੰਗ ਮਿਲੀ ਹੈ, ਜੋਅਜੇ ਵੀ ਚੰਗੀ ਹਾਲਤ 'ਚ ਹੈ ਅਤੇ ਇਸ ਦੇ ਅੰਦਰ ਹਵਾ ਅਤੇ ਰੌਸ਼ਨੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਕਈ ਸਾਲਾਂ ਤੋਂ ਧਰਤੀ ਦੇ ਅੰਦਰ ਦੱਬੀ ਹੋਣ ਦੇ ਬਾਵਜੂਦ ਇਸ ਸੁਰੰਗ ਦੀਆਂ ਕੰਧਾਂ ਅਜੇ ਵੀ ਮਜ਼ਬੂਤ ਅਤੇ ਪੂਰੀ ਤਰ੍ਹਾਂ ਸਹੀ ਸਲਾਮਤ ਹਨ।



ਵਰਨਣ ਯੋਗ ਹੈ ਕਿ ਲਾਹੌਰ ਦਾ ਸ਼ਾਹੀ ਕਿਲ੍ਹਾ ਮੁਗ਼ਲ ਕਾਲ ਦੀ ਮਹੱਤਵਪੂਰਨ ਯਾਦਗਾਰ ਹੈ ਅਤੇ ਇਸ 'ਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੌਰਾਨ ਕਈ ਨਵੇਂ ਭਵਨ ਅਤੇ ਸਮਾਰਕ ਬਣਵਾਏ ਸਨ। ਕਿਲ੍ਹੇ ਦੀਆਂ ਮੌਜੂਦਾ ਇਮਾਰਤਾਂ ਦੇ ਹੇਠਾਂ ਕਈ ਗੁਪਤ ਤਹਿਖ਼ਾਨੇ ਅਤੇ ਸੁਰੰਗਾਂ ਹਨ। ਇਸ ਪ੍ਰਾਜੈਕਟ ਉੱਤੇ ਕੰਮ ਕਰ ਰਹੇ ਲਾਹੌਰ ਵਾਲਡ ਸਿਟੀ ਅਥਾਰਿਟੀ ਦੇ ਸਬ-ਇੰਜੀਨੀਅਰ ਹਾਫ਼ਿਜ਼ ਉਮਰ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਜਦੋਂ ਮੋਤੀ ਮਸਜਿਦ ਤੇ ਮਕਤਬ ਖ਼ਾਨੇ ਦੀ ਮੁਰੰਮਤ ਅਤੇ ਸੁੰਦਰੀਕਰਨ ਦਾ ਕੰਮ ਕੀਤਾ ਗਿਆ ਤਾਂ ਓਦੋਂ ਸੁਰੰਗ ਦੀਆਂ ਨਿਸ਼ਾਨੀਆਂ ਮਿਲੀਆਂ ਸਨ। ਹੋਰ ਖ਼ੁਦਾਈ ਕੀਤੇ ਜਾਣ ਉੱਤੇ ਪਤਾ ਲੱਗਾ ਕਿ ਇਹ ਡਰੇਨ ਸਿਸਟਮ ਹੈ, ਜੋ 400 ਸਾਲ ਪਹਿਲਾਂ ਬਣਾਇਆ ਗਿਆ ਸੀ। ਸ਼ੁਰੂ ਵਿੱਚ 625 ਫੁੱਟ ਲੰਬੀ ਸੁਰੰਗ ਬਹਾਲ ਕੀਤੀ ਜਾਵੇਗੀ, ਫਿਰ ਰਹਿੰਦਾ ਕੰਮ ਅਗਲੇ ਪੜਾਅ 'ਚ ਕੀਤਾ ਜਾਵੇਗਾ। ਹਾਫ਼ਿਜ਼ ਉਮਰ ਨੇ ਦੱਸਿਆ ਕਿ ਇਹ ਸੁਰੰਗ ਸ਼ਾਹੀ ਕਿਲ੍ਹੇ ਦੇ ਵੱਖ-ਵੱਖ ਹਿੱਸਿਆਂ ਹੇਠੋਂ ਲੰਘਦੀ ਹੈ ਅਤੇ ਸੁਰੰਗ 'ਚ ਦਾਖ਼ਲ ਹੋਣ ਉੱਤੇ ਮੁੱਖ ਸੁਰੰਗ ਦੇ ਨਾਲ ਹੋਰ ਬਹੁਤ ਸਾਰੀਆਂ ਛੋਟੀਆਂ ਸੁਰੰਗਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਥੋੜ੍ਹੀ-ਥੋੜ੍ਹੀ ਦੂਰੀ ਉੱਤੇ ਰੌਸ਼ਨੀ ਅਤੇ ਹਵਾ ਸਪਲਾਈ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਸੁਰੰਗ ਇੰਨੀ ਉਚੀ ਹੈ ਕਿ ਇਸ ਨੂੰ ਆਸਾਨੀ ਨਾਲ ਪਾਰ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
· Complete Basement
· Tiles
· Bathrooms
· Plumbing
· Laminate
· Hardwood Floor
· Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
· Cheapest Air Fares
· Price Match Guaranteed
· 24/7 Emergency Services
· Reliable & Excellent Customer Service
· 100% Customer Satisfaction
Travel Worry Free With Insurance
· Super Visa Insurance
· Visitor to Canada
· Trip Cancellation
· Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

905-793-2202

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Family Sponsorship
* Permanent Residence Card Renewal
* Citizenship Application
* Spousal Applications
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜ਼ਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com



Other Realtors only Promise But JAG AUJLA SOLD YOUR HOME WITH GUARANTEE

Advertisement GUARANTEED Till SOLD

Call For a Quick & Free Home Evaluation

www.BramptonQuickHomeEvaluation.com

Top 1% Broker

# JAG AUJLA

REAL ESTATE BROKER

416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




### ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ । ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਂਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ । ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ ।

## BRAMPTON




### ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ । ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ । ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੂਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ ।

BRAMPTON



### Sandalwood/Chinguacousy Park

72 Botavia Downs dr

**$ 1525**

ਲੀਸ ਲਈ

ਸੈਂਡਲਵੁਡ/ਕਿਰਾਏ ਲਈ

2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON



### 34 Winterfold Dr

Rutherford/Kennedy/Will. Pkwy

**$774,905**

5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਡਿਡ ਕਿਚਨ, ਅਪਗ੍ਰਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON




### Dixie/Queen

8 Lisa St.

**$ 434,905**

1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।



# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

# ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana


Sales Representative



Tel: 905.793.5777

416.802.5866

31 Melanie Dr. Unit #4 Brampton, ON L6T 5H8




### CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਂਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




### COTTRELLE/HWY50

ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਂਡਰੂਮ ਅਤੇ 5 ਵਾਸਰੂਮ, 10 ਫੁੱਟ ਸੀਲਿੰਗ, 2 ਬੈਂਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ





### SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa

General Family Dentist

New Patients welcome

Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION

10 SQUIRE ELLIS DR, UNIT 5-6

BRAMPTON, ON L6P 4K6


(MAJOR INTERSECTION: GORE RD/MAYFIELD)

Tel :905-794-5111

INVISALIGN & BRACES INCLUDING CLEAR BRACES

Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ

Show Your Smile More With Invisible Braces!



FIRST LOCATION


DENTISTRY @ BONNIE BRAES

50 CHESTERWOOD CRES, UNIT 2

BRAMPTON, ON L6Y 0Z4

(OPP. CHRUCHVILLE PUBLIC SCHOOL, JAMES POTTER / BONNIE BRAES INTERSECTION)

Tel : 905-230-9044









# FRESH & LARGE VARIETY

Bread , Derry & Eggs

Branded Foods

Fruits & Vegetables

Beverages & Confectionery

Grocery & Staples

Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017